Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

61

July-Sep. 2026

ਮਾਂ ਬੋਲੀ ਪੰਜਾਬੀ ਜੇ ਭੁੱਲ ਜਾਓਗੇ, ਤਾਂ ਕੱਖਾਂ ਵਾਂਗੂ ਰੁਲ ਜਾਓਗੇ।



ਇਹ ਬੋਲੀ ਪੰਜ ਦਰਿਆਵਾਂ ਦੀ, ਇਹ ਰਾਵੀ ਅਤੇ ਝਨਾਵਾਂ ਦੀ। ਇਹ ਬੁੱਲੇ ਜਿਹੇ ਦਰਵੇਸ਼ਾਂ ਦੀ, ਨਾਨਕ ਜਿਹੇ ਦੂਰਅੰਦੇਸ਼ਾਂ ਦੀ।
ਇਹ ਮਾਖਿਓਂ ਤੋਂ ਵੱਧ ਮਿੱਠੀ ਹੈ, ਇਸ ਵਰਗੀ ਹੋਰ ਨਾ ਡਿੱਠੀ ਏ। ਪੰਜਾਬੀ ਮੇਰੀ ਮਾਂ ਵਰਗੀ, ਪੰਜਾਬੀ ਨਿਰੀ ਖ਼ੁਦਾ ਵਰਗੀ।

- ਸੈਣੀ ਭਵਨ ਦੀਆਂ ਸਰਗਰਮੀਆਂ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਸਿਹਤਮੰਦ ਜੀਵਨ ਜਾਚ
- ਸੈਣੀ ਭਵਨ ਦੇ ਦਾਨੀ ਸੱਜਣ
- ਰੌਚਕ ਸਾਹਿਤਕ ਰਚਨਾਵਾਂ
- ਵਧਾਈਆਂ ਅਤੇ ਸ਼ਰਧਾਂਜਲੀਆਂ
- ਨਵੇਂ ਚੁਣੇ ਸੈਣੀ ਨਗਰ ਕੌਂਸਲਰ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

R.N.I. No. : PUNBIL/2011/48578

Volume - XVI, Issue - III

# Saini Sansar

(Quarterly)

July - Sep. 2026

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Dr. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Make any type of Payment Through QR Code & Inform Saini Bhawan

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 04.07.2026**

# ਸੈਣੀ ਸੰਸਾਰ

(ਤਿਮਾਹੀ)

ਜਿਲਦ 16, ਅੰਕ 3 ਜੁਲਾਈ-ਸਤੰਬਰ 2026

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਮੁੱਖ ਪੰਨੇ 'ਤੇ ਫੋਟੋ: ਪੰਜਾਬ ਵਿੱਚ ਮਾਂ ਬੋਲੀ-ਪੰਜਾਬੀ ਦੀ ਅਹਿਮੀਅਤ

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਸੋਚ ਬਦਲਣ ਦੀ ਲੋੜ | 3 |
| ਸੈਣੀ ਬਰਾਦਰੀ ਦੇ ਹੀਰੇ | 4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-8 |
| ਜ਼ਿੰਦਗੀ ਦੇ ਦੋ ਪਹਿਲੂ-ਦੁੱਖ ਅਤੇ ਸੁੱਖ | 9-10 |
| ਸੈਣੀ ਬਰਾਦਰੀ ਦਾ ਅਣਗੋਲਿਆ ਪੰਥ ਸੇਵਕ | 11-12 |
| ਪੰਜਾਬ ਵਿੱਚ ਨਵੇਂ ਚੁਣੇ ਗਏ ਸੈਣੀ ਮਿਊਂਸੀਪਲ ਕੌਂਸਲਰ | 12 |
| ਕਹਾਣੀ - ਖਾਮੋਸ਼ ਪੀੜ | 13-14 |
| ਸੈਣੀ ਭਵਨ ਦੇ ਦਾਨੀ ਸੱਜਣ | 15 |
| ਸੈਣੀ ਸਮਾਜ ਦੀ ਏਕਤਾ-ਸਮੇਂ ਦੀ ਸਭ ਤੋਂ ਵੱਡੀ ਲੋੜ | 16 |
| ਕਵਿਤਾਵਾਂ | 17 |
| ਮਿੱਠੀਆਂ ਯਾਦਾਂ - ਦਾਦੀ ਮਾਂ ਦੇ ਕਿੱਸੇ | 18-19 |
| ਜੀਵਨ ਜਾਚ - ਭੁੱਲਣ ਦੀ ਆਦਤ ਪਾ ਸੱਜਣਾ | 20 |
| ਸੈਣੀ ਸੰਮੇਲਨ ਸਮੇਂ ਸਨਮਾਨਿਤ ਵਿਅਕਤੀ | 21 |
| ਇਰਾਨ ਦਾ ਖੋਫ਼ਨਾਕ ਹਥਿਆਰ-ਹੋਰਮੁਜ਼ ਜਲਡਮਰੂ | 22 |
| ਸੈਣੀ ਭਲਾਈ ਬੋਰਡ ਪੰਜਾਬ ਦੇ ਅਹੁਦੇਦਾਰ | 23 |
| Tragic Evolution of Merital Relationships | 24 |
| ਪਠਾਣਾ ਦਾ ਹਰੀਆ ਰਾਗਲੈ ਜਰਨੈਲ ਹਰੀ ਸਿੰਘ ਨਲੂਆ | 25-26 |
| ਪੰਜਾਬੀਆਂ ਦੀ ਸ਼ਾਨ ਵੱਖਰੀ | 27 |
| ਮੌਤ ਦਾ ਸਬੂਤ - ਪਿੰਜਰ | 28 |
| ਆਤਮ ਕਥਾ - ਪੂਰਾ ਹੋਇਆ ਚੁਰਾਸੀ ਦਾ ਗੇੜ | 29-30 |
| Matrimonials | 31-40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ



# ਸੋਚ ਬਦਲਣ ਦੀ ਲੋੜ

ਅਜਮੇਰ ਸਿੰਘ (ਡਾ.)
ਰੂਪਨਗਰ

ਜਮਾਨਾ ਬਦਲ ਗਿਆ ਹੈ, ਹਾਲਾਤ ਪਹਿਲਾਂ ਵਰਗੇ ਨਹੀਂ ਰਹੇ ਪਰ ਧੀਆਂ ਪ੍ਰਤਿ ਸਾਡੀ ਸੋਚ ਵਿੱਚ ਬਦਲਾਅ ਨਹੀਂ ਅਇਆ। ਅਜੇ ਵੀ ਪੁੱਤਰ ਨੂੰ ਵਾਰਿਸ, ਘਰ ਦਾ ਚਿਰਾਗ ਅਤੇ ਪਰਿਵਾਰ ਦੀ ਸੰਪੂਰਨਤਾ ਨਾਲ ਜੋੜਿਆ ਜਾਂਦਾ ਹੈ ਜਦੋਂਕਿ ਧੀਆਂ ਨੂੰ ਅਕਸਰ ਇਸ ਗਿਣਤੀ ਵਿੱਚ ਸ਼ਾਮਿਲ ਹੀ ਨਹੀਂ ਕੀਤਾ ਜਾਂਦਾ। ਜੇ ਕਿਸੇ ਦੇ ਘਰ ਵਿੱਚ ਪਹਿਲਾਂ ਲੜਕੀ ਹੋਵੇ ਅਤੇ ਉਸ ਦੇ ਲੜਕਾ ਜਨਮ ਲਵੇ ਤਾਂ ਸਾਰੇ ਵਧਾਈਆਂ ਦਿੰਦਿਆਂ ਕਹਿੰਦੇ ਹਨ, "ਬਹੁਤ ਬਹੁਤ ਵਧਾਈਆਂ, ਤੁਹਾਡਾ ਪਰਿਵਾਰ ਪੂਰਾ ਹੋ ਗਿਆ"। ਕੀ ਧੀ ਨਾਲ ਪਰਿਵਾਰ ਅਧੂਰਾ ਸੀ ਜੋ ਲੜਕੇ ਦੇ ਜਨਮ ਨਾਲ ਪੂਰਾ ਹੋ ਗਿਆ। ਕੀ ਧੀਆਂ ਦੀ ਵੰਸ਼ ਨੂੰ ਅੱਗੇ ਤੋਰਨ ਵਿੱਚ ਕੋਈ ਅਹਿਮੀਅਤ ਨਹੀਂ? ਸ਼ੱਚ ਇਹ ਹੈ ਕਿ ਅਸੀਂ ਅਜੇ ਵੀ ਅੰਦਰੋਂ ਨਹੀਂ ਬਦਲੇ। ਸਿੱਖਿਆ, ਨੌਕਰੀਆਂ, ਸ਼ਹਿਰੀ ਜ਼ਿੰਦਗੀ ਜਿਹੇ ਸਾਰੇ ਬਦਲਾਅ ਸਿਰਫ਼ ਉੱਪਰਲੇ ਪੱਧਰ ਤੱਕ ਹੀ ਸੀਮਤ ਹਨ। ਜੇ ਕਿਤੇ ਧੀ ਦੇਸ਼ ਦੇ ਕਾਨੂੰਨ ਅਨੁਸਾਰ ਬਾਪ ਦੀ ਜਾਇਦਾਦ ਵਿੱਚੋਂ ਆਪਣਾ ਹੱਕ ਲੈ ਲਵੇ ਤਾਂ ਸਾਰੇ ਉਸ ਨੂੰ ਬੁਰਾ-ਭਲਾ ਕਹਿੰਦੇ ਹਨ ਅਤੇ ਕਈ ਵਾਰ ਤਾਂ ਉਸ ਲੜਕੀ ਦਾ ਸਮਾਜਿਕ ਬਾਈਕਾਟ ਵੀ ਕਰ ਦਿੱਤਾ ਜਾਂਦਾ ਹੈ। ਪਰ ਜਦੋਂ ਦੋ ਭਰਾ ਆਪਣੇ ਬਾਪ ਦੀ ਜਾਇਦਾਦ ਨੂੰ ਦੋ ਹਿੱਸਿਆਂ ਵਿੱਚ ਬਰਾਬਰ ਬਰਾਬਰ ਵੰਡ ਲੈਂਦੇ ਹਨ ਤਾਂ ਕੋਈ ਰੌਲਾ ਨਹੀਂ ਪੈਂਦਾ।

ਬੇਸ਼ਕ ਧੀਆਂ ਨੂੰ ਅਸੀਂ ਪੜ੍ਹਾ ਰਹੇ ਹਾਂ ਅਤੇ ਉਹ ਹਰ ਖੇਤਰ ਵਿੱਚ ਮੁੰਡਿਆਂ ਨਾਲੋਂ ਅੱਗੇ ਵਧ ਰਹੀਆਂ ਹਨ। ਉਹ ਹਰ ਜਗ੍ਹਾ ਆਪਣੇ ਮਾਂਬਾਪ ਦੀ ਸ਼ਾਨ ਉੱਚੀ ਕਰ ਰਹੀਆਂ ਹਨ। ਸਾਲ 2026 ਦੇ ਸਾਲਾਨਾ ਨਤੀਜਿਆਂ ਵਿੱਚ ਉਨ੍ਹਾਂ ਨੇ ਵਿਸ਼ੇਸ਼ ਮੱਲਾਂ ਮਾਰੀਆਂ ਹਨ। ਪੰਜਾਬ ਸਿੱਖਿਆ ਬੋਰਡ ਦੀ ਮੈਟ੍ਰਿਕ ਪ੍ਰੀਖਿਆ ਵਿੱਚ ਲੜਕੀਆਂ ਦੀ ਪਾਸ ਪ੍ਰਤਿਸ਼ਤ 95.96% ਹੈ ਜੋ ਕਿ ਲੜਕਿਆਂ ਦੀ ਪਾਸ ਪ੍ਰਤਿਸ਼ਤ ਤੋਂ 2.73% ਵੱਧ ਹੈ। ਮੈਰਿਟ ਸੂਚੀ ਵਿੱਚ ਸ਼ਾਮਲ 272 ਵਿਦਿਆਰਥੀਆਂ ਵਿੱਚੋਂ 220 ਲੜਕੀਆਂ ਤੇ 52 ਲੜਕੇ ਹਨ। ਇਸ ਪ੍ਰੀਖਿਆ ਵਿੱਚ ਪਹਿਲੇ ਨੰਬਰ 'ਤੇ ਵੀ ਜੈਤੋ ਸਕੂਲ ਦੀ ਵਿਦਿਆਰਥਣ ਹਰਲੀਨ ਸ਼ਰਮਾ ਹੈ। ਪੰਜਾਬ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਵੀ ਲੜਕੀਆਂ ਦੀ ਪਾਸ ਪ੍ਰਤਿਸ਼ਤ 94.73 ਅਤੇ ਲੜਕਿਆਂ ਦੀ 88.52 ਹੈ। ਇਸ ਤੋਂ ਇਲਾਵਾ ਮੈਰਿਟ ਸੂਚੀ ਦੇ 278 ਵਿਦਿਆਰਥੀਆਂ ਵਿੱਚ 217 ਲੜਕੀਆਂ ਹਨ ਜਦੋਂਕਿ ਪੰਜਾਬ ਵਿੱਚ ਪਹਿਲਾ ਸਥਾਨ ਵੀ ਉਭਾ(ਮਾਨਸਾ) ਦੀ ਵਿਦਿਆਰਥਣ ਸੁਪਨੀਤ ਕੌਰ ਨੇ ਹਾਸਲ ਕੀਤਾ ਹੈ। ਸੀ.ਬੀ.ਐਸ ਸੀ ਦੇ ਨਤੀਜਿਆਂ ਵਿੱਚ ਵੀ ਲੜਕੀਆਂ ਨੇ ਪਹਿਲੇ ਸਥਾਨ ਪ੍ਰਾਪਤ ਕੀਤੇ ਹਨ। ਹਾਲ ਹੀ ਵਿੱਚ ਮਹਿਕਪ੍ਰੀਤ ਕੌਰ ਦੀ ਪ੍ਰਾਪਤੀ ਨੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਇਕ ਪੇਂਡੂ ਕਿਸਾਨ ਦੀ ਇਸ ਧੀ ਨੇ ਭਾਰਤ ਦੀ ਏਅਰਫੋਰਸ ਅਕੈਡਮੀ ਦੀ ਮੈਰਿਟ ਸੂਚੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਭਾਵ ਇਹ ਹੈ ਕਿ ਲੜਕੀਆਂ ਕਿਸੇ ਪੱਖੋਂ ਵੀ ਲੜਕਿਆਂ ਤੋਂ ਪਿੱਛੇ ਨਹੀਂ ਹਨ ਪਰ ਇਸ ਦੇ ਬਾਵਜੂਦ ਸਮਾਜ ਵਿੱਚ ਉਨ੍ਹਾਂ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ। ਇਹ ਸੋਚ ਸਿਰਫ਼ ਗੱਲਬਾਤ ਤੱਕ ਹੀ ਸੀਮਿਤ ਨਹੀਂ ਸਗੋਂ ਬੱਚਿਆਂ ਦੇ ਮਨ 'ਤੇ ਵੀ ਡੂੰਘਾ ਅਸਰ ਪਾਉਂਦੀ ਹੈ। ਜ਼ਰਾ ਸੋਚੋ ਕਿ ਜਦੋਂ ਲੜਕੀਆਂ ਦੇ ਸਾਹਮਣੇ ਉਨ੍ਹਾਂ ਦੇ ਭਰਾਵਾਂ ਨੂੰ ਪਹਿਲ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਦੇ ਮਨ 'ਤੇ ਕੀ ਗੁਜ਼ਰਦੀ ਹੋਵੇਗੀ?

ਇਸ ਅਧੂਰੀ ਸੋਚ ਨੇ ਦਹਾਕਿਆਂ ਤੋਂ ਲੜਕੀਆਂ ਦੀ ਭਰੂਣ ਹੱਤਿਆ ਦੇ ਰੂਪ ਵਿੱਚ ਪੰਜਾਬ ਨੂੰ ਵੀ ਕਲੰਕਿਤ ਕੀਤਾ ਹੋਇਆ ਹੈ। ਇੱਥੇ 1000 ਮੁੰਡਿਆਂ ਪਿੱਛੇ 924 ਕੁੜੀਆਂ ਹਨ। ਜਾਗਰੂਕਤਾ-ਮੁਹਿੰਮਾਂ, ਕਾਨੂੰਨੀ ਸੁਰੱਖਿਆ ਅਤੇ ਸਿਆਸੀ ਪੱਧਰ 'ਤੇ ਵਾਰ ਵਾਰ ਮਿਲੇ ਭਰੋਸਿਆਂ ਦੇ ਬਾਵਜੂਦ ਧੀਆਂ ਨੂੰ ਜਨਮ ਤੋਂ ਪਹਿਲਾਂ ਹੀ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਿੰਗ ਅਨੁਪਾਤ ਵਿੱਚ ਇਹ ਨਿਰੰਤਰ ਬਣੀ ਹੋਈ ਅਸਮਾਨਤਾ ਸਾਫ਼ ਦਰਸਾਉਂਦੀ ਹੈ ਕਿ ਇਹ ਸਮੱਸਿਆ ਸਾਡੀ ਉਸ ਸਮਾਜਿਕ ਮਾਨਸਿਕਤਾ ਵਿੱਚ ਡੂੰਘੀ ਪਈ ਹੋਈ ਹੈ ਜੋ ਪਿੱਤਰ-ਸੱਤਾ, ਜ਼ਮੀਨ-ਜਾਇਦਾਦ ਦੇ ਵਾਰਿਸ ਦੀ ਚਿੰਤਾ ਅਤੇ ਦਾਜ-ਦਹੇਜ ਦੇ ਦਬਾਅ ਹੇਠ ਬਣੀ ਹੋਈ ਹੈ। ਇਹ ਵਿਤਕਰਾ ਮਹਿਜ਼ ਆਬਾਦੀ ਦੇ ਅੰਕੜਿਆਂ ਦਾ ਵਿਗਾੜ ਨਹੀਂ, ਬਲਕਿ ਸਾਡੇ ਸਮਾਜ ਦੇ ਨੈਤਿਕ ਦੀਵਾਲੇਪਣ ਦੀ ਜਿਉਂਦੀ ਜਾਗਦੀ ਤਸਵੀਰ ਹੈ।

ਬੱਚਾ ਕੁਦਰਤ ਦਾ ਅਮੁੱਲ ਵਰਦਾਨ ਹੈ ਚਾਹੇ ਉਹ ਮੁੰਡਾ ਹੋਵੇ ਜਾਂ ਕੁੜੀ। ਪਰਿਵਾਰ ਦੀ ਸੰਪੂਰਨਤਾ ਕਿਸੇ ਇੱਕ ਲਿੰਗ ਨਾਲ ਨਹੀਂ ਹੁੰਦੀ। ਇਹ ਪਿਆਰ ਤੇ ਸਨਮਾਨ ਅਤੇ ਉਨ੍ਹਾਂ ਰਿਸ਼ਤਿਆਂ ਨਾਲ ਹੁੰਦੀ ਹੈ ਜੋ ਇੱਕ ਦੂਜੇ ਨੂੰ ਸਮਝਦੇ ਹਨ। ਜਿੱਥੇ ਹਰ ਮੈਂਬਰ ਦੀ ਬਰਾਬਰ ਕਦਰ ਹੈ, ਉੱਥੇ ਹੀ ਅਸਲੀ ਸੰਪੂਰਨਤਾ ਹੁੰਦੀ ਹੈ। ਧੀਆਂ ਵੀ ਮਾਪਿਆਂ ਦਾ ਸਹਾਰਾ ਬਣਦੀਆਂ ਹਨ, ਉਹ ਵੀ ਘਰ ਨੂੰ ਰੌਣਕਾਂ ਨਾਲ ਭਰਦੀਆਂ ਹਨ। ਫਿਰ ਕਿਉਂ ਅਸੀਂ ਉਨ੍ਹਾਂ ਨੂੰ ਸੰਪੂਰਨਤਾ ਦੇ ਪੈਮਾਨੇ ਤੋਂ ਬਾਹਰ ਰੱਖ ਦਿੰਦੇ ਹਾਂ। ਪਰਿਵਾਰ ਕਦੇ ਵੀ ਮੁੰਡੇ ਜਾਂ ਕੁੜੀ ਨਾਲ ਪੂਰਾ ਨਹੀਂ ਹੁੰਦਾ। ਇਹ ਹਰ ਬੱਚੇ ਨੂੰ ਕਬੂਲਣ ਨਾਲ ਪੂਰਾ ਹੁੰਦਾ ਹੈ। ਘਰ ਵਿੱਚ ਬੱਚੇ ਦੀਆਂ ਕਿਲਕਾਰੀਆਂ ਦੀ ਗੂੰਜ ਹੀ ਅਸਲ ਖੁਸ਼ੀ ਪ੍ਰਦਾਨ ਕਰਦੀ ਹੈ ਇਹ ਕਿਲਕਾਰੀਆਂ ਧੀ ਦੀਆਂ ਹੋਣ ਜਾਂ ਪੁੱਤਰ ਦੀਆਂ। ਸਮਾਜ ਵਿੱਚ ਇਹ ਭੇਦਭਾਵ ਸਦੀਆਂ ਪੁਰਾਣਾ ਹੈ ਪਰ ਹੁਣ ਇਸ ਦੀ ਕੋਈ ਜਗ੍ਹਾ ਨਹੀਂ ਬਣਦੀ। ਆਓ ਆਪਣੀ ਸੋਚ ਬਦਲੀਏ ਅਤੇ ਲਿੰਗ

ਵਿਤਕਰੇ ਤੋਂ ਉਪਰ ਉੱਠ ਕੇ ਕੁਦਰਤ ਦੀ ਦਾਤ ਦੀ ਕਦਰ ਕਰੀਏ।

" ਵੋਹ ਸ਼ਾਖ਼ ਹੈ ਨਾ ਫੂਲ, ਅਗਰ ਤਿਤਲੀਆਂ ਨਾ ਹੋਂ।
ਵੋਹ ਘਰ ਭੀ ਕੋਈ ਘਰ ਹੈ, ਜਹਾਂ ਬੱਚੀਆਂ ਨਾ ਹੋਂ"।

❉ ❉ ❉ ❉ ❉

## ਸੈਣੀ ਬਰਾਦਰੀ ਦੀ ਮਾਣਮੱਤੀ ਧੀ

**ਖਿਡਾਰਨ ਮਨਵੀਰ ਕੌਰ**- ਰੂਪਨਗਰ ਸ਼ਹਿਰ ਵਿੱਚ ਪੈਂਦੇ ਪਿੰਡ ਹਵੇਲੀ ਕਲਾਂ ਦੇ ਸ.ਗੁਰਮੀਤ ਸਿੰਘ ਗਹੂਣੀਆਂ ਅਤੇ ਸ਼੍ਰੀਮਤੀ ਸੁਰਿੰਦਰ ਕੌਰ ਦੀ ਬੇਟੀ ਮਨਵੀਰ ਕੌਰ ਨੇ ਅਸਟ੍ਰੇਲੀਆ ਦੇ ਮੈਲਬੌਰਨ ਸ਼ਹਿਰ ਵਿੱਚ 3 ਅਪ੍ਰੈਲ ਤੋਂ 5 ਅਪ੍ਰੈਲ, 2026 ਤੱਕ ਆਯੋਜਿਤ 38ਵੀਂਆਂ ਆਸਟ੍ਰੇਲੀਅਨ ਸਿੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਬਰਾਦਰੀ ਦਾ ਨਾਮ ਵਿਸ਼ਵ ਵਿੱਚ ਪ੍ਰਸਿੱਧ ਕੀਤਾ ਹੈ। ਉਸ ਨੇ ਖੋ-ਖੋ ਖੇਡ ਦੇ ਮੁਕਾਬਲੇ ਵਿੱਚ ਵਿਕਟੋਰੀਅਨ ਈਗਲ ਟੀਮ ਦੀ ਅਗਵਾਈ ਕਰਦਿਆਂ ਤੀਜਾ ਸਥਾਨ ਹਾਸਲ ਕੀਤਾ ਹੈ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਆਸਟ੍ਰੇਲੀਆ ਦੇ ਸੱਤ ਸੂਬਿਆਂ ਅਤੇ ਮੈਲਬੌਰਨ ਦੇ ਕਰੀਬ 9000 ਸਿੱਖ ਖਿਡਾਰੀਆਂ ਨੇ ਭਾਗ ਲਿਆ। ਇਹ ਖੇਡਾਂ ਸਿੱਖ ਭਾਈਚਾਰੇ ਦਾ ਇੱਕ ਵੱਡਾ ਸਮਾਗਮ ਮੰਨਿਆਂ ਜਾਂਦਾ ਹੈ ਜੋ ਕਿ 1987 ਤੋਂ ਲਗਾਤਾਰ ਕਰਵਾਇਆ ਜਾ ਰਿਹਾ ਹੈ।




ਮਨਵੀਰ ਕੌਰ ਦਾ ਜਨਮ 31 ਦਸੰਬਰ, 1987 ਨੂੰ ਹਵੇਲੀ ਕਲਾਂ ਵਿਖੇ ਹੋਇਆ। ਉਸ ਨੇ ਪ੍ਰਾਇਮਰੀ ਸਿੱਖਿਆ ਚੰਡੀਗੜ੍ਹ ਤੋਂ ਲੈਣ ਉਪਰੰਤ ਬਾਰ੍ਹਵੀਂ ਦੀ ਪ੍ਰੀਖਿਆ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਰੂਪਨਗਰ ਤੋਂ ਪਾਸ ਕੀਤੀ। ਸੰਨ 2007 ਵਿੱਚ ਉਹ ਉੱਚ-ਸਿੱਖਿਆ ਲੈਣ ਲਈ ਆਸਟ੍ਰੇਲੀਆ ਚਲੇ ਗਈ ਜਿੱਥੇ ਉਸ ਨੇ ਅਧਿਆਪਕ ਦੀ ਸਿਖਲਾਈ ਪ੍ਰਾਪਤ ਕੀਤੀ। ਉਸ ਦਾ ਵਿਆਹ ਮੈਲਬੌਰਨ ਵਿੱਚ ਰਹਿੰਦੇ ਨਵਾਂਸ਼ਹਿਰ ਦੇ ਨਜ਼ਦੀਕੀ ਪਿੰਡ ਦੇ ਨੌਜਵਾਨ ਨਾਲ ਹੋਇਆ ਜੋ ਕਿ ਉਥੇ ਆਪਣਾ ਕਾਰੋਬਾਰ ਕਰਦਾ ਹੈ। ਮਨਵੀਰ ਕੌਰ ਦੀਆਂ ਪੰਜ ਸਾਲ ਅਤੇ ਦੋ ਸਾਲ ਉਮਰ ਦੀਆਂ ਦੋ ਬੇਟੀਆਂ ਹਨ। ਉਹ ਸਕੂਲ-ਅਧਿਆਪਕਾ ਹੈ ਅਤੇ ਆਪਣੀ ਨੌਕਰੀ ਦੇ ਨਾਲ ਨਾਲ ਖੇਡਾਂ ਦਾ ਅਭਿਆਸ ਵੀ ਕਰਦੀ ਰਹਿੰਦੀ ਹੈ। ਇਸ ਲਈ ਉਸ ਨੇ ਖੋ-ਖੋ ਖੇਡ ਦਾ ਇੱਕ ਕਲੱਬ ਬਣਾਇਆ ਹੋਇਆ ਹੈ। ਉਸ ਦੇ ਮਾਂਬਾਪ ਹਵੇਲੀ ਕਲਾਂ ਵਿੱਚ ਰਹਿੰਦੇ ਹਨ ਅਤੇ ਆਪਣੀ ਬੇਟੀ ਦੀਆਂ ਪ੍ਰਾਪਤੀਆਂ 'ਤੇ ਮਾਣ ਕਰਦੇ ਹਨ। ਇਹ ਪਰਿਵਾਰ ਸੈਣੀ ਭਵਨ ਰੂਪਨਗਰ ਨਾਲ ਚਿਰਾਂ ਤੋਂ ਜੁੜਿਆ ਹੋਇਆ ਹੈ। ਇਸ ਸੰਸਥਾ ਦੇ ਪ੍ਰਬੰਧਕਾਂ ਵਲੋਂ ਪਰਿਵਾਰ ਨੂੰ ਬਹੁਤ ਬਹੁਤ ਵਧਾਈ ਹੋਵੇ।

## ਸੈਣੀ ਬਰਾਦਰੀ ਦੇ ਹੀਰੇ

### ਪਾਇਲਟ ਉਦੈਵੀਰ ਸਿੰਘ



ਚਮਕੌਰ ਸਾਹਿਬ ਦੇ ਨਜ਼ਦੀਕੀ ਪਿੰਡ ਭੱਕੂਮਾਜਰਾ ਨਾਲ ਸਬੰਧਿਤ ਸ. ਰਣਵੀਰ ਸਿੰਘ ਅਤੇ ਸ਼੍ਰੀਮਤੀ ਰਾਜਿੰਦਰ ਕੌਰ ਦੇ ਘਰ 21 ਫਰਵਰੀ, 2005 ਨੂੰ ਜਨਮੇ ਸਪੁੱਤਰ ਉਦੇਵੀਰ ਸਿੰਘ ਨੇ ਭਾਰਤੀ ਹਵਾਈ ਫ਼ੌਜ ਵਿੱਚ ਪਾਇਲਟ ਵਜੋਂ ਕਮਿਸ਼ਨ ਹਾਸਲ ਕਰ ਕੇ ਸੈਣੀ ਬਰਾਦਰੀ, ਪਰਿਵਾਰ ਅਤੇ ਰੂਪਨਗਰ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਇਹ ਪਰਿਵਾਰ ਇਸ ਸਮੇਂ ਰੂਪਨਗਰ ਸ਼ਹਿਰ ਵਿਖੇ ਰਹਿ ਰਿਹਾ ਹੈ। ਉਸ ਨੇ ਦਸਵੀਂ ਪਾਸ ਕਰ ਕੇ ਹਵਾਈ ਫ਼ੌਜ ਵਿੱਚ ਅਫ਼ਸਰ ਭਰਤੀ ਹੋਣ ਦੇ ਸੁਫ਼ਨੇ ਨੂੰ ਸਾਕਾਰ ਕਰਨ ਲਈ 2020 ਵਿੱਚ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸ ਪ੍ਰੈਪਰੇਟਰੀ ਇੰਸਟੀਚਿਊਟ ਮੋਹਾਲੀ ਵਿੱਚ ਦਾਖਲਾ ਲੈ ਲਿਆ। ਉਸ ਨੇ 2022 ਵਿੱਚ ਐਨ.ਡੀ.ਏ ਦੀ ਪ੍ਰੀਖਿਆ ਪਾਸ ਕਰ ਲਈ ਅਤੇ ਉਹ 2025 ਵਿੱਚ ਪੂਨਾ ਨੇੜੇ ਖੜਕਵਾਸਲਾ ਤੋਂ ਸਿਖਲਾਈ ਲੈ ਕੇ ਪਾਸ ਆਊਟ ਹੋਇਆ। ਇਸ ਤੋਂ ਬਾਅਦ ਇੱਕ ਸਾਲ ਹਵਾਈ ਫ਼ੌਜ ਅਕੈਡਮੀ ਹੈਦਰਾਬਾਦ ਤੋਂ ਫਲਾਇੰਗ ਅਫ਼ਸਰ ਦੀ ਕਠਿਨ ਸਿਖ਼ਲਾਈ ਹਾਸਲ ਕੀਤੀ। ਉਦੇਵੀਰ ਸਿੰਘ ਦੀ ਇਹ ਪ੍ਰਾਪਤੀ ਉਸ ਦੇ ਮਾਂਬਾਪ ਦੀ ਪ੍ਰੇਰਨਾ ਅਤੇ ਉਸ ਦੀ ਆਪਣੀ ਮਿਹਨਤ ਦਾ ਨਤੀਜਾ ਹੈ।



**ਲੜਾਕੂ ਪਾਇਲਟ ਕਰਨ ਸੈਣੀ**- ਰੂਪਨਗਰ ਜ਼ਿਲ੍ਹੇ ਦੇ ਨੂਰਪੁਰ ਬੇਦੀ ਕਸਬੇ ਦੇ ਨਜ਼ਦੀਕੀ ਪਿੰਡ ਥਾਨਾ ਦੇ ਵਸਨੀਕ ਸ਼੍ਰੀ ਕੁਲਵੀਰ ਸੈਣੀ ਅਤੇ ਮਾਤਾ ਪੁਸ਼ਪਾ ਸੈਣੀ ਦੇ ਹੋਣਹਾਰ ਸਪੁੱਤਰ ਕਰਨ ਸੈਣੀ ਨੇ ਭਾਰਤੀ ਹਵਾਈ ਸੈਨਾ ਵਿੱਚ ਲੜਾਕੂ ਪਾਇਲਟ ਦਾ ਵਕਾਰੀ ਅਹੁਦਾ ਪ੍ਰਾਪਤ ਕਰ ਕੇ ਪੰਜਾਬ, ਇਲਾਕੇ , ਪਰਿਵਾਰ ਅਤੇ ਸੈਣੀ ਬਰਾਦਰੀ ਦੇ ਨਾਮ ਨੂੰ ਚਾਰ ਚੰਨ ਲਾਏ ਹਨ। ਉਸ ਨੇ ਮੈਟ੍ਰਿਕ ਪ੍ਰੀਖਿਆ ਸੇਂਟ ਕਾਰਮਲ ਸਕੂਲ ਜਿੰਦਵੜੀ ਜ਼ਿਲ੍ਹਾ ਰੂਪਨਗਰ ਤੋਂ ਕਰਨ ਉਪਰੰਤ ਉੱਚ ਸਿੱਖਿਆ ਮੋਹਾਲੀ ਤੋਂ ਹਾਸਲ ਕੀਤੀ। ਫਿਰ ਸੁਰੱਖਿਆ ਬਲਾਂ ਵਿੱਚ ਭਰਤੀ ਲਈ ਯੂ.ਪੀ.ਐਸ ਸੀ ਪ੍ਰੀਖਿਆ ਪਾਸ ਕਰ ਕੇ ਤਿੰਨ ਸਾਲ ਨੈਸ਼ਨਲ ਡਿਫੈਂਸ ਅਕੈਡਮੀ ਖੜਕਵਾਸਲਾ (ਪੂਨਾ) ਤੋਂ ਸਿਖਲਾਈ ਉਪਰੰਤ ਏਅਰਫੌਰਸ ਅਕੈਡਮੀ ਹੈਦਰਾਬਾਦ ਤੋਂ ਇੱਕ ਸਾਲ ਦੀ ਉੱਚ-ਸਿਖਲਾਈ ਹਾਸਲ ਕੀਤੀ ਅਤੇ ਹੁਣ 13 ਜੂਨ, 2026 ਨੂੰ ਲੜਾਕੂ ਪਾਇਲਟ ਬਣਨ ਵਿੱਚ ਸਫ਼ਲਤਾ ਹਾਸਲ ਕੀਤੀ। ਇਹ ਮਾਣ ਕਰਨ ਸੈਣੀ ਦੀ ਸਖ਼ਤ ਮਿਹਨਤ ਤੇ ਨਿਸ਼ਠਾ ਦਾ ਨਤੀਜਾ ਹੈ।

**ਅਪ੍ਰੈਲ – ਜੂਨ 2026 ਦੌਰਾਨ**

# ਸੈਣੀ ਭਵਨ ਦੀਆਂ ਸਰਗਰਮੀਆਂ



**ਰਾਜਿੰਦਰ ਸੈਣੀ**
**ਰੂਪਨਗਰ**

**ਸਾਲਾਨਾ ਸੈਣੀ ਸੰਮੇਲਨ** – ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 4 ਅਪ੍ਰੈਲ 2026 ਨੂੰ ਸੈਣੀ ਭਵਨ ਰੂਪਨਗਰ ਵਿਖੇ 42ਵਾਂ ਸਾਲਾਨਾ ਸੈਣੀ ਸੰਮੇਲਨ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਸ਼ੁੱਭ ਆਰੰਭ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤਾ ਗਿਆ ਜਿਸ ਦਾ ਆਯੋਜਿਨ ਗੁਰੂਦੁਆਰਾ ਬਾਬਾ ਸਤਨਾਮ ਜੀ ਦੇ ਪ੍ਰਬੰਧਕਾਂ ਨੇ ਕੀਤਾ ਅਤੇ ਸੈਣੀ ਭਵਨ ਦੀ ਚੜ੍ਹਦੀ ਕਲਾ ਲਈ ਅਰਦਾਸ ਗੁਰੂਦੁਆਰਾ ਕੋਟ ਪੁਰਾਣ ਟਿੱਬੀ ਸਾਹਿਬ ਰੂਪਨਗਰ ਦੇ ਸੰਤ ਅਵਤਾਰ ਸਿੰਘ ਨੇ ਕੀਤੀ। ਪ੍ਰਬੰਧਕਾਂ ਨੇ ਸੰਤ ਜੀ ਨੂੰ ਸਰੋਪਾ ਭੇਂਟ ਕੀਤਾ।

ਸੰਮੇਲਨ ਦੇ **ਮੁੱਖ ਮਹਿਮਾਨ ਸ਼੍ਰੀ ਤਰਸੇਮ ਸੈਣੀ, ਪ੍ਰਧਾਨ ਆਲ ਇੰਡੀਆ ਰਾਈਸ ਸ਼ੈਲਰਜ਼ ਐਸੋਸੀਏਸ਼ਨ** ਨਿਵਾਸੀ ਪਟਿਆਲਾ ਨੇ ਇਸ ਮੌਕੇ ਬੋਲਦਿਆਂ ਸਾਰਿਆਂ ਨੂੰ ਅਪੀਲ ਕੀਤੀ ਕਿ ਸਾਨੂੰ ਸਭ ਨੂੰ ਵੱਖ ਵੱਖ ਸੰਗਠਨਾਂ ਦੀ ਬਜਾਏ ਮਿਲ ਕੇ ਸਮਾਜ ਦੀ ਬਿਹਤਰੀ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਬਰਾਦਰੀ ਦੀ ਭਲਾਈ ਤੇ ਹੱਕਾਂ ਲਈ ਸਾਨੂੰ ਇਕੱਠੇ ਹੋ ਕੇ ਸੰਘਰਸ਼ ਕਰਨਾ ਪਏਗਾ। ਵਿਸ਼ੇਸ਼ ਮਹਿਮਾਨ, **ਪੰਜਾਬ ਸਰਕਾਰ ਦੇ ਸੰਯੁਕਤ ਸਕੱਤਰ ਸ. ਤੇਜਦੀਪ ਸਿੰਘ ਸੈਣੀ ਪੀ.ਸੀ.ਐਸ** ਨੇ ਸੈਣੀ ਭਵਨ ਵਲੋਂ ਸਮਾਜ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਬੱਚਿਆਂ ਨੂੰ ਮਿਆਰੀ ਤੇ ਮਨੁੱਖੀ ਕਦਰਾਂ ਕੀਮਤਾਂ ਵਾਲੀ ਸਿੱਖਿਆ ਦਿੱਤੀ ਜਾਵੇ ਜੋ ਤਾਂ ਹੀ ਸੰਭਵ ਹੈ ਜੇ ਆਪਣੀ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਵੇ। **ਸ਼੍ਰੀ ਰਾਮ ਕੁਮਾਰ ਮੁਕਾਰੀ ਚੇਅਰਮੈਨ ਪੰਜਾਬ ਰਾਜ ਸੈਣੀ ਭਲਾਈ ਬੋਰਡ** ਨੇ ਸੈਣੀ ਭਵਨ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਸਰਕਾਰ ਵਲੋਂ ਹਰ ਪ੍ਰਕਾਰ ਦੇ ਸਹਿਯੋਗ ਦਾ ਵਾਅਦਾ ਕੀਤਾ। **ਸਾਬਕਾ ਜ਼ਿਲ੍ਹਾ ਕਾਂਗਰਸ ਕਮੇਟੀ ਪ੍ਰਧਾਨ ਸ. ਅਮਰਜੀਤ ਸਿੰਘ ਸੈਣੀ** ਨੇ ਕਿਹਾ ਕਿ ਸੈਣੀ ਭਵਨ ਰੂਪਨਗਰ ਪੰਜਾਬ ਦੀ ਇੱਕੋ ਇੱਕ ਅਜਿਹੀ ਸੰਸਥਾ ਹੈ ਜਿਸ ਦੇ ਲੋਕ ਭਲਾਈ ਕੰਮਾਂ ਦਾ ਸਭ ਨੂੰ ਮਾਣ ਹੈ। ਇਸ ਮੌਕੇ ਪੰਚਕੂਲਾ ਤੋਂ ਪਹੁੰਚੇ ਵਿਸ਼ੇਸ਼ ਮਹਿਮਾਨ **ਇੰਜ. ਭਗਵਾਨ ਸਿੰਘ ਰਿਟਾ. ਖੇਤਰੀ ਵਾਤਾਵਰਨ ਅਧਿਕਾਰੀ ਹਰਿਆਣਾ ਸਰਕਾਰ** ਨੇ ਸੰਸਥਾ ਨੂੰ ਵਧਾਈ ਦਿੱਤੀ। ਰੋਪੜ ਪ੍ਰਾਪਰਟੀਜ਼ ਐਂਡ ਬਿਲਡਰਜ਼ ਦੇ ਐਮ.ਡੀ ਸ.ਬਘੇਲ ਸਿੰਘ ਨੇ ਸਮਾਗਮ ਵਿੱਚ ਹਾਜ਼ਰ ਹੋਣ ਤੋਂ ਅਸਮਰਥਤਾ ਪ੍ਰਗਟ ਕਰਦਿਆਂ ਇਸ ਦੇ ਪ੍ਰਬੰਧਕਾਂ ਨੂੰ ਹਾਰਦਿਕ ਵਧਾਈ ਦਿੱਤੀ।

ਇਸ ਮੌਕੇ ਚੰਡੀਗੜ੍ਹ ਤੋਂ ਆਏ ਪੰਜਾਬ ਓ.ਬੀ.ਸੀ ਫੈਡਰੇਸ਼ਨ ਦੇ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ ਨੇ ਆਪਣੇ **ਵਿਦਵਤਾਭਰਪੂਰ ਭਾਸ਼ਣ** ਰਾਹੀਂ ਪੰਜਾਬ ਵਿੱਚ ਪਛੜੀਆਂ ਸ਼੍ਰੇਣੀਆਂ ਦੀਆਂ ਸਮੱਸਿਆਵਾਂ ਅਤੇ ਜਾਇਜ਼ ਮੰਗਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਇਨ੍ਹਾਂ ਸਬੰਧੀ ਕਈ ਉਲਝੇ ਪ੍ਰਸ਼ਨਾਂ ਦੇ ਉੱਤਰ ਸਪਸ਼ਟ ਕੀਤੇ। ਸਮੂਹ ਹਾਜ਼ਰੀਨ ਨੇ ਇਸ ਬਹੁਮੁਲੀ ਜਾਣਕਾਰੀ ਨੂੰ ਧਿਆਨਪੂਰਬਕ ਸੁਣਿਆਂ ਅਤੇ ਇਸ ਦਾ ਲਾਭ ਉਠਾਇਆ।

ਸੈਣੀ ਭਵਨ ਦੇ ਚੇਅਰਮੈਨ ਡਾ.ਅਜਮੇਰ ਸਿੰਘ ਨੇ ਮਹਿਮਾਨਾਂ ਅਤੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਸੰਸਥਾ ਦੇ ਕਾਰਜਾਂ ਅਤੇ ਪਿਛੋਕੜ ਬਾਰੇ ਵਿਸਥਾਰਸਹਿਤ ਜਾਣਕਾਰੀ ਸਾਂਝੀ ਕੀਤੀ। ਸੰਸਥਾ ਦੇ ਜਨਰਲ ਸਕੱਤਰ ਸ.ਬਲਬੀਰ ਸਿੰਘ ਸੈਣੀ ਨੇ ਲੰਘੇ ਸਾਲ ਦੌਰਾਨ ਟਰੱਸਟ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ ਅਤੇ ਸੈਣੀ ਭਵਨ ਦੇ ਮੋਢੀ ਬਜ਼ੁਰਗਾਂ ਨੂੰ ਯਾਦ ਕੀਤਾ। ਸ.ਰਾਜਿੰਦਰ ਸਿੰਘ ਨਨ੍ਹੂੰਆਂ ਪ੍ਰਧਾਨ ਨੇ ਸਮਾਜ, ਬਰਾਦਰੀ ਅਤੇ ਰੂਪਨਗਰ ਸ਼ਹਿਰ ਦੀਆਂ ਸਮੱਸਿਆਵਾਂ ਅਤੇ ਭਲਾਈ ਲਈ ਛੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਹਾਜ਼ਰ ਵਿਅਕਤੀਆਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਸੰਸਥਾ ਦੇ ਸੀਨੀਅਰ ਉੱਪ-ਪ੍ਰਧਾਨ ਸ.ਰਾਮ ਸਿੰਘ ਸੈਣੀ ਨੇ ਮੁੱਖ ਮਹਿਮਾਨ ਦੇ ਜੀਵਨ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਵਲੋਂ ਸੈਣੀ ਬਰਾਦਰੀ ਨੂੰ ਪਛੜੇ ਵਰਗ ਵਿੱਚ ਸ਼ਾਮਿਲ ਕਰਵਾਉਣ ਲਈ ਕੀਤੀਆਂ ਕੋਸ਼ਿਸ਼ਾਂ 'ਤੇ ਚਾਨਣਾ ਪਾਇਆ। ਸ. ਦਵਿੰਦਰ ਸਿੰਘ ਜਟਾਣਾ, ਜਾਇੰਟ ਸਕੱਤਰ ਸੈਣੀ ਭਵਨ ਨੇ ਵਿਸ਼ੇਸ਼ ਮਹਿਮਾਨਾਂ ਦੇ ਸਮਾਜ, ਬਰਾਦਰੀ ਅਤੇ ਸੈਣੀ ਭਵਨ ਦੇ ਵਿਕਾਸ ਅਤੇ ਭਲਾਈ ਲਈ ਦਿੱਤੇ ਯੋਗਦਾਨ ਨੂੰ ਬਿਆਨ ਕਰਦਿਆਂ ਇਨ੍ਹਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਡੀਨ ਅਤੇ ਵਿਸ਼ਵਪੱਧਰੀ ਖੇਤੀਬਾੜੀ ਸਾਹਿਤਕਾਰ ਡਾ. ਰਣਜੀਤ ਸਿੰਘ ਨੇ ਸੰਬੋਧਨ ਕਰਦਿਆਂ ਨੌਜਵਾਨਾਂ ਲਈ ਆਧੁਨਿਕ ਪੱਧਰ ਦੀ ਸਿੱਖਿਆ 'ਤੇ ਜ਼ੋਰ ਦਿੱਤਾ ਤਾਂ ਜੋ ਬਦਲਦੇ ਹਾਲਾਤਾਂ ਵਿੱਚ ਕਾਮਯਾਬੀ ਹਾਸਲ ਕੀਤੀ ਜਾ ਸਕੇ।

ਇਸ ਸਮਾਗਮ ਦੌਰਾਨ ਮਹਿਮਾਨਾਂ ਅਤੇ ਪ੍ਰਬੰਧਕਾਂ ਵੱਲੋਂ ਸੰਸਥਾ ਦੇ ਤਿਮਾਹੀ ਮੈਗਜ਼ੀਨ, **"ਸੈਣੀ ਸੰਸਾਰ" ਦੇ 60ਵੇਂ ਅੰਕ ਨੂੰ ਜਾਰੀ** ਕੀਤਾ ਗਿਆ। ਹਾਜ਼ਰ ਵਿਅਕਤੀਆਂ ਨੇ ਮੈਗਜ਼ੀਨ ਵਿੱਚ ਛਪਦੀ ਸਮੱਗਰੀ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸਭ ਨੂੰ ਇਸ ਦੇ ਪਾਠਕ ਬਣਨ ਲਈ ਅਪੀਲ ਕੀਤੀ।

ਇਸ ਸਮੇਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਤੋਂ ਇਲਾਵਾ ਪੰਜਾਬ ਵਿੱਚ ਸੈਣੀ ਬਰਾਦਰੀ ਦੇ 20 **ਸਫ਼ਲ ਵਿਅਕਤੀਆਂ ਨੂੰ ਸਨਮਾਨਿਤ** ਕੀਤਾ ਗਿਆ ਜਿਨ੍ਹਾਂ ਵਿੱਚ ਜ਼ਿਲ੍ਹਾ ਪਰਿਸ਼ਦ ਮੈਂਬਰ, ਬਲਾਕ ਸੰਮਤੀ ਮੈਂਬਰ, ਰਾਸ਼ਟਰਪਤੀ ਤੋਂ ਸਨਮਾਨਪ੍ਰਾਪਤ ਦੋ ਸਰਪੰਚ, ਰਾਸ਼ਟਰ ਪੱਧਰੀ ਵੈਟਰਨ ਖਿਡਾਰੀ, ਉੱਘੇ ਖੋਜੀ ਲੇਖਕ, ਹੁਸ਼ਿਆਰ

ਵਿਦਿਆਰਥਣਾਂ, ਸੈਣੀ ਭਵਨ ਦੇ ਸਹਿਯੋਗੀ ਅਤੇ ਮਿਹਨਤੀ ਵਰਕਰ ਸ਼ਾਮਿਲ ਸਨ। ਇਸ ਤੋਂ ਇਲਾਵਾ ਸੈਣੀ ਭਵਨ ਦੇ ਕਿੱਤਾ ਸਿਖਲਾਈ ਕੇਂਦਰਾਂ ਤੋਂ ਆਪਣਾ ਕੋਰਸ ਪੂਰਾ ਕਰਨ ਵਾਲੀਆਂ **ਸਿੱਖਿਆਰਥਣਾਂ ਨੂੰ ਸਰਟੀਫੀਕੇਟ** ਅਤੇ ਦੋ



ਲੋੜਵੰਦ ਲੜਕੀਆਂ ਨੂੰ ਸੰਸਥਾ ਦੇ ਟਰੱਸਟੀ ਸ਼੍ਰੀ ਜਗਦੇਵ ਸਿੰਘ ਵਲੋਂ **ਸਿਲਾਈ ਮਸ਼ੀਨਾਂ ਭੇਂਟ** ਕੀਤੀਆਂ ਗਈਆਂ। ਸਮਾਗਮ ਨੂੰ ਰੰਗੀਨ ਅਤੇ ਮਨੋਰੰਜਕ ਬਣਾਉਣ ਲਈ ਸਥਾਨਕ ਬਲੂ ਬਰਡ ਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਅਤੇ ਪੈਰਾਡਾਈਜ਼ ਸਕੂਲ ਰੰਗੀਲਪੁਰ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਸਟੇਜ ਸਕੱਤਰ ਦੀ ਸੇਵਾ ਸੰਸਥਾ ਦੇ ਲੋਕ ਸੰਪਰਕ ਅਧਿਕਾਰੀ ਸ਼੍ਰੀ ਰਾਜਿੰਦਰ ਸੈਣੀ ਨੇ ਸਫ਼ਲਤਾਪੂਰਬਕ ਨਿਭਾਈ। ਇਸ ਸਮੇਂ ਗੜ੍ਹਸ਼ੰਕਰ ਮਾਰਕੀਟ ਕਮੇਟੀ ਦੇ ਪ੍ਰਧਾਨ ਸ.ਬਲਦੀਪ ਸਿੰਘ, ਬਗਵਾਈਂ ਪਿੰਡ ਦੇ ਉੱਘੇ ਲਿਖਾਰੀ ਅਮਰੀਕ ਹਮਰਾਜ, ਸ.ਬਲਬੀਰ ਸਿੰਘ ਰਾਮਪੁਰ ਝੰਜੋਵਾਲ ਤੋਂ ਇਲਾਵਾ ਸੈਣੀ ਭਵਨ ਦੇ ਟਰੱਸਟੀ- ਸ.ਗੁਰਮੁਖ ਸਿੰਘ ਸੈਣੀ, ਇੰਜ.ਹਰਜੀਤ ਸਿੰਘ, ਸ.ਦਲਜੀਤ ਸਿੰਘ, ਸ.ਅਮਰਜੀਤ ਸਿੰਘ, ਡਾ.ਜਸਵੰਤ ਕੌਰ, ਐਡ.ਰਵਿੰਦਰ ਮੁੰਦਰਾ, ਜਗਦੇਵ ਸਿੰਘ,ਰਾਜਿੰਦਰ ਸਿੰਘ ਗਿਰਨ, ਡਾ.ਹਰਚਰਨ ਦਾਸ, ਸ.ਪ੍ਰਿਤਪਾਲ ਸਿੰਘ, ਪ੍ਰਬੰਧਕ ਕਮੇਟੀ ਮੈਂਬਰ-ਸ.ਗੁਰਪਾਲ ਸਿੰਘ, ਸ.ਸੁਰਿੰਦਰ ਸਿੰਘ ਅਤੇ ਸ਼੍ਰੀਮਤੀ ਰਾਵਿੰਦਰ ਕੌਰ ਹਾਜ਼ਰ ਸਨ।

**ਵਿਆਹ ਦੀ ਪੰਜਾਹਵੀਂ ਵਰ੍ਹੇ ਗੰਢ ਮਨਾਈ**- ਸਾਲਾਨਾ ਸੈਣੀ ਸੰਮੇਲਨ ਦੌਰਾਨ ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਡਾ.ਅਜਮੇਰ ਸਿੰਘ ਅਤੇ ਉੱਪ-ਪ੍ਰਧਾਨ ਡਾ.ਜਸਵੰਤ ਕੌਰ ਦੇ ਵਿਆਹ ਦੀ 50ਵੀਂ ਵਰ੍ਹੇ ਗੰਢ (1976-2026) ਮਨਾਈ ਗਈ। ਇਸ ਸਮਾਗਮ ਵਿੱਚ ਸ਼੍ਰੀ ਤਰਸੇਮ ਸੈਣੀ, ਸ. ਤੇਜਦੀਪ ਸਿੰਘ ਸੈਣੀ, ਸ. ਭਗਵਾਨ ਸਿੰਘ ਪੰਚਕੂਲਾ, ਸ.ਅਮਰਜੀਤ ਸਿੰਘ ਸੈਣੀ, ਸ਼੍ਰੀ ਰਾਮ ਕੁਮਾਰ ਮੁਕਾਰੀ, ਡਾ.ਰਣਜੀਤ ਸਿੰਘ ਲੁਧਿਆਣਾ, ਸ.ਬਲਵਿੰਦਰ ਸਿੰਘ ਮੁਲਤਾਨੀ ਚੰਡੀਗੜ੍ਹ, ਸੈਣੀ ਭਵਨ ਰੂਪਨਗਰ ਦੇ ਸਾਰੇ ਪ੍ਰਬੰਧਕੀ ਮੈਂਬਰ ਅਤੇ ਕੁੱਝ ਰਿਸ਼ਤੇਦਾਰ ਸ਼ਾਮਲ ਹੋਏ। ਇਸ ਸ਼ੁੱਭ ਮੌਕੇ ਡਾ.ਅਜਮੇਰ ਸਿੰਘ ਦੇ ਪਿੰਡ ਪੰਜੋੜ ਤੋਂ ਉਨ੍ਹਾਂ ਦੇ ਛੋਟੇ ਭਰਾ ਸ.ਮਨਜੀਤ ਸਿੰਘ ਅਤੇ ਹਰਮੇਸ਼ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ, ਪੰਚਕੂਲਾ ਤੋਂ ਉਨ੍ਹਾਂ ਦੇ ਕੁੜਮ ਸਾਹਿਬ ਸ.ਭਗਵਾਨ ਸਿੰਘ, ਸਹੁਰਾ ਪਿੰਡ ਲਸਾੜਾ ਤੋਂ ਸ.ਜਸਵੀਰ ਸਿੰਘ ਤੇ ਸ.ਮਨਪ੍ਰੀਤ ਸਿੰਘ ਪਰਿਵਾਰਾਂ ਸਮੇਤ, ਪਿੰਡ ਸੁੱਜੋਂ ਤੋਂ ਭੂਆ ਦੀ ਸਪੁੱਤਰੀ ਦਾ ਪਰਿਵਾਰ, ਹੁਸ਼ਿਆਰਪੁਰ ਤੋਂ ਸ. ਬਲਦੇਵ ਸਿੰਘ, ਪਤਨੀ ਨਿਰਮਲ ਕੌਰ, ਸੱਤਪਾਲ ਸਿੰਘ ਤੇ ਦਵਿੰਦਰ ਕੌਰ, ਪਿੰਡ ਲੰਗੜੋਆ ਤੋਂ ਸ.ਅਮਰਜੀਤ ਸਿੰਘ ਸਮੇਤ ਪਰਿਵਾਰ, ਨਜ਼ਦੀਕੀ ਸ.ਕੁਲਜਿੰਦਰ ਸਿੰਘ ਮੋਹਾਲੀ, ਸ਼੍ਰੀਮਤੀ ਲਾਭ ਕੌਰ ਕੋਟਲਾ ਨਿਹੰਗ ਅਤੇ ਰੂਪਨਗਰ ਤੋਂ ਤੰਬੜ ਪਰਿਵਾਰ ਦੇ ਮੈਂਬਰ ਹਾਜ਼ਰ ਹੋਏ। ਸਾਰਿਆਂ ਨੇ ਇਸ ਸਫ਼ਲ ਜੋੜੀ ਨੂੰ ਵਰ੍ਹੇ ਗੰਢ ਦੀ ਵਧਾਈ ਦਿੱਤੀ ਅਤੇ ਤੰਦਰੁਸਤੀ ਦੀ ਕਾਮਨਾ ਕੀਤੀ। ਸੈਣੀ ਭਵਨ ਦੇ ਪ੍ਰਬੰਧਕਾਂ ਨੇ ਜੋੜੀ ਨੂੰ ਫੋਟੋ ਦੇ ਰੂਪ ਵਿੱਚ ਸਾਈਟੇਸ਼ਨ, ਸ਼ਾਲ ਅਤੇ ਲੋਈ ਭੇਂਟ ਕੀਤੀ ਅਤੇ ਰਿਸ਼ਤੇਦਾਰਾਂ ਨੇ ਤੋਹਫਿਆਂ ਅਤੇ ਗੁਲਦਸਤਿਆਂ ਨਾਲ ਨਿਵਾਜਿਆ। ਸਾਰਿਆਂ ਨੇ ਇਸ ਜੋੜੀ ਵਲੋਂ ਕੀਤੀ ਜਾ ਰਹੀ ਸਮਾਜਸੇਵਾ ਲਈ ਪ੍ਰਸ਼ੰਸਾ ਕੀਤੀ। ਸਮਾਗਮ ਦੇ ਆਰੰਭ ਵਿੱਚ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਅਤੇ ਅੰਤ ਵਿੱਚ ਲੰਗਰ ਦਾ ਪ੍ਰਬੰਧ ਕੀਤਾ ਗਿਆ। ਜ਼ਿਕਰਯੋਗ ਹੈ ਕਿ ਡਾ.ਅਜਮੇਰ ਸਿੰਘ ਸਿੱਖਿਆ ਵਿਭਾਗ ਤੋਂ ਡਿਪਟੀ ਡਾਇਰੈਕਟਰ ਅਤੇ ਡਾ.ਜਸਵੰਤ ਕੌਰ ਬੇਲਾ ਕਾਲਜ ਤੋਂ ਆਫ਼ੀਸ਼ੀਏਟਿੰਗ ਪ੍ਰਿੰਸੀਪਲ ਵਜੋਂ ਸੇਵਾਮੁਕਤ ਹੋਏ ਹਨ ਅਤੇ ਹੁਣ ਸ਼ਹਿਰ ਦੀਆਂ ਕਈ ਸਮਾਜਸੇਵੀ ਸੰਸਥਾਵਾਂ ਵਿੱਚ ਸਰਗਰਮ ਹਨ।

**ਜਨਮ-ਦਿਹਾੜੇ ਮਨਾਏ**-ਅਪ੍ਰੈਲ ਮਹੀਨੇ ਦੀ ਮਾਸਿਕ ਮੀਟਿੰਗ 11 ਤਾਰੀਖ ਨੂੰ ਕੀਤੀ ਗਈ। ਇਸ ਵਿੱਚ ਸਾਲਾਨਾ ਸੰਮੇਲਨ ਦੀ ਕਾਰਗੁਜ਼ਾਰੀ ਨੂੰ ਸੂਖਮਤਾ ਨਾਲ ਘੋਖਿਆ ਗਿਆ। ਇਸ ਵਿੱਚ ਲੋਕਾਂ ਦੀ ਸ਼ਮੂਲੀਅਤ 'ਤੇ ਤਸੱਲੀ ਪ੍ਰਗਟ ਕਰਦਿਆਂ ਅੱਗੋਂ ਲਈ ਹੋਰ ਉਪਰਾਲੇ ਤੇਜ਼ ਕਰਨ ਦਾ ਫੈਸਲਾ ਹੋਇਆ। ਇਸ ਸਮਾਗਮ ਦੌਰਾਨ ਦਾਨੀ ਪੁਰਸ਼ਾਂ ਵਲੋਂ ਭੇਂਟ ਕੀਤੀ ਵਿਤੀ ਸਹਾਇਤਾ ਅਤੇ ਲੰਗਰ ਵਿੱਚ ਪਾਏ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਇਹ ਅਨੁਭਵ ਕੀਤਾ ਗਿਆ ਕਿ ਸੰਸਥਾ ਦੇ ਸਾਰੇ ਪ੍ਰਬੰਧਕੀ ਮੈਂਬਰਾਂ ਨੇ ਤਨੋ-ਮਨੋ ਆਪਣੀ ਡਿਊਟੀ ਨਿਭਾਈ ਜਿਸ ਨਾਲ ਕੋਈ ਅਨਿਯਮਤਤਾ ਨਹੀਂ ਹੋਈ। ਇਸ ਦੇ ਨਾਲ ਹੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਵਾਲੇ ਵਿਦਿਆਰਥੀਆਂ ਦੇ ਸਕੂਲ ਪ੍ਰਬੰਧਕਾਂ ਦਾ ਵੀ ਹਾਰਦਿਕ ਧੰਨਵਾਦ ਕੀਤਾ ਗਿਆ। ਅਪ੍ਰੈਲ ਮਹੀਨੇ ਵਿੱਚ ਸੈਣੀ ਭਵਨ ਦੇ ਟਰੱਸਟੀਆਂ- ਸ.ਰਾਮ ਸਿੰਘ, ਐਡਵੋਕੇਟ ਰਵਿੰਦਰ ਮੁੰਦਰਾ, ਸ਼੍ਰੀ ਜਗਦੇਵ ਸਿੰਘ, ਸ. ਰਾਜਿੰਦਰ ਸਿੰਘ ਗਿਰਨ, ਸ਼੍ਰੀ ਰਾਜਿੰਦਰ ਸੈਣੀ ਅਤੇ ਸ.ਦਵਿੰਦਰ ਸਿੰਘ ਜਟਾਣਾ ਦਾ ਜਨਮ ਦਿਨ ਸੀ। ਇਨ੍ਹਾਂ ਦੇ ਜਨਮ ਦਿਨ ਨੂੰ ਇੱਕ ਵੱਖਰੇ ਅਤੇ ਆਲੀਸ਼ਾਨ ਢੰਗ ਨਾਲ ਮਨਾਉਣ ਲਈ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਐਚ.ਐਮ.ਟੀ ਹੋਟਲ ਵਿੱਚ ਕੀਤਾ ਗਿਆ। ਮਈ ਮਹੀਨੇ ਦੀ ਮਾਸਿਕ ਮੀਟਿੰਗ 9 ਤਾਰੀਖ ਨੂੰ ਹੋਈ। ਇਸ ਵਿੱਚ ਸੈਣੀ ਭਵਨ ਦੇ ਦਫ਼ਤਰ ਅਤੇ ਪੌੜੀਆਂ ਦਾ ਨਵੀਨੀਕਰਨ ਲਈ ਮਤੇ ਪਾਸ ਕੀਤੇ ਗਏ। ਇਸ ਤੋਂ ਇਲਾਵਾ ਡਾ.ਅਜਮੇਰ ਸਿੰਘ

ਚੇਅਰਮੈਨ, ਸ. ਗੁਰਮੁਖ ਸਿੰਘ ਸੈਣੀ ਉੱਪਚੇਅਰਮੈਨ, ਸ. ਬਹਾਦੁਰਜੀਤ ਸਿੰਘ ਉੱਪਪ੍ਰਧਾਨ, ਸ. ਹਰਦੀਪ ਸਿੰਘ ਮੈਨੇਜਰ ਅਤੇ ਸ. ਪ੍ਰਿਤਪਾਲ ਸਿੰਘ ਸਲਾਹਕਾਰ ਦੇ ਜਨਮਦਿਨ ਮਨਾਏ ਗਏ। ਇਸ ਲਈ ਸੈਣੀ ਭਵਨ ਵਿਖੇ ਹੀ ਸੁਆਦਲੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ। ਇਸ ਸਮੇਂ ਸਭ ਨੇ ਮੌਕੇ ਦਾ ਪੂਰਾ ਆਨੰਦ ਮਾਣਿਆਂ ਅਤੇ ਆਪਣੇ ਜੀਵਨ ਦੀਆਂ ਵਿਸ਼ੇਸ਼ ਯਾਦਾਂ ਸਾਂਝੀਆਂ ਕੀਤੀਆਂ। ਸਾਰਿਆਂ ਨੇ ਜਨਮ ਦਿਨ ਵਾਲੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਲੰਮੀ ਅਤੇ ਸਿਹਤਮੰਦ ਜ਼ਿੰਦਗੀ ਲਈ ਸ਼ੁੱਭ ਕਾਮਨਾਵਾਂ ਦੀਤੀਆਂ।

6 ਜੂਨ ਨੂੰ ਹੋਈ ਮਾਸਿਕ ਮੀਟਿੰਗ ਵਿੱਚ ਜੁਲਾਈ ਦੀ 4 ਤਾਰੀਖ ਨੂੰ ਖ਼ੂਨਦਾਨ ਕੈਂਪ ਲਗਾਉਣ, ਮੈਗਜ਼ੀਨ ਰਿਲੀਜ਼ ਕਰਨ, ਨਵੇਂ ਬਣੇ ਮਿਊਂਸੀਪਲ ਕੌਂਸਲਰਾਂ ਨੂੰ ਸਨਮਾਨਿਤ ਕਰਨ ਅਤੇ ਮਾਂ ਬੋਲੀ ਪੰਜਾਬੀ ਦੀ ਮਹਾਨਤਾ ਅਤੇ ਲੋੜ ਬਾਰੇ ਸੈਮੀਨਾਰ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਚਮਕੌਰ ਸਾਹਿਬ ਦੇ ਵਾਸੀ ਪੱਤਰਕਾਰ ਤੇ ਸਮਾਜਸੇਵੀ ਸ.ਸਵਰਨ ਸਿੰਘ ਭੰਗੂ ਦੀ ਅਚਾਨਕ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਦੋ ਮਿੰਟ ਦਾ ਮੌਨ ਰੱਖਿਆ ਗਿਆ। ਇਸ ਮੀਟਿੰਗ ਵਿੱਚ ਰੋਪੜ ਸ਼ਹਿਰ ਦੇ ਨਵੇਂ ਚੁਣੇ ਗਏ 6 ਸੈਣੀ ਮਿਊਂਸਪਲ ਕੌਂਸਲਰਾਂ ਨੂੰ ਵਧਾਈ ਦਿੱਤੀ ਗਈ ਅਤੇ ਮਤਾ ਪਾਸ ਕੀਤਾ ਗਿਆ ਕਿ ਇਸ ਵਾਰ ਕੌਸਲ ਦਾ ਪ੍ਰਧਾਨ ਕਿਸੇ ਸੈਣੀ ਬਰਾਦਰੀ ਦੇ ਵਿਅਕਤੀ ਨੂੰ ਨਿਯੁਕਤ ਕੀਤਾ ਜਾਵੇ।

**ਮਹਾਤਮਾ ਜੋਤੀਬਾ ਫੂਲੇ ਦਾ ਜਨਮ ਦਿਨ ਮਨਾਇਆ**–ਸੈਣੀ ਭਵਨ ਰੂਪਨਗਰ ਵਿਖੇ 11 ਅਪ੍ਰੈਲ, 2026 ਨੂੰ ਆਲ ਇੰਡੀਆ ਸੈਣੀ ਸੇਵਾ ਸਮਾਜ ਵਲੋਂ ਮਹਾਤਮਾ ਜੋਤੀਬਾ ਫੂਲੇ ਦਾ ਜਨਮ ਦਿਨ ਮਨਾਇਆ ਗਿਆ। ਇਸ ਵਿੱਚ ਰੂਪਨਗਰ ਯੂਨਿਟ ਦੇ ਪ੍ਰਧਾਨ ਸ. ਮਨਜੀਤ ਸਿੰਘ ਤੰਬੜ ਅਤੇ ਸਕੱਤਰ ਸ.ਅਜਮੇਰ ਸਿੰਘ ਕੋਟਲਾ ਨਿਹੰਗ, ਸੈਣੀ ਭਵਨ ਦੇ ਚੇਅਰਮੈਨ ਡਾ.ਅਜਮੇਰ ਸਿੰਘ ਤੰਬੜ, ਪ੍ਰਧਾਨ ਸ.ਰਾਜਿੰਦਰ ਸਿੰਘ ਨਨ੍ਹੂਆਂ ਅਤੇ ਮੈਨੇਜਰ ਸ. ਹਰਦੀਪ ਸਿੰਘ ਤੋਂ ਇਲਾਵਾ ਸੀਨੀਅਰ ਸਿਟੀਜ਼ਨ ਕੌਂਸਲ ਰੂਪਨਗਰ ਦੇ ਪ੍ਰਧਾਨ ਸ.ਸੁਰਿੰਦਰ ਸਿੰਘ ਸ਼ਾਮਿਲ ਹੋਏ। ਸਾਰੇ ਹਾਜ਼ਰੀਨ ਨੇ ਮਹਾਤਮਾ ਜੀ ਦੀ ਮੂਰਤੀ ਨੂੰ ਫੁੱਲ ਭੇਂਟ ਕੀਤੇ। ਵਿਦਵਾਨ ਸੱਜਣਾ ਨੇ ਮਹਾਤਮਾ ਜੀ ਦੇ ਦੱਬੇ-ਕੁਚਲੇ ਲੋਕਾਂ ਲਈ ਕੀਤੇ ਜੀਵਨ-ਸੰਘਰਸ਼ 'ਤੇ ਚਾਨਣਾ ਪਾਇਆ।

**ਸੈਣੀ ਬਰਾਦਰੀ ਵਿੱਚ ਏਕਤਾ ਕਾਇਮ ਕਰਨ ਲਈ ਉਪਰਾਲੇ**- ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਬਰਾਦਰੀ ਨੂੰ ਸਮਾਜ ਵਿੱਚ ਮਾਣਯੋਗ ਦਰਜਾ ਦਿਵਾਉਣ ਲਈ ਇਸ ਵਿੱਚ ਏਕਤਾ ਕਾਇਮ ਕਰਨ ਲਈ ਹਮੇਸ਼ਾਂ ਕਾਰਜਸ਼ੀਲ ਰਹਿੰਦੇ ਹਨ। ਇਸ ਉਦੇਸ਼ ਦੀ ਪੂਰਤੀ ਹਿਤ 30 ਮਈ, 2026 ਨੂੰ ਚੰਨੀ ਰਿਜ਼ੌਰਟ, ਰਾਹੋਂ ਵਿਖੇ ਸੈਣੀ ਸਮਾਜ ਦੀਆਂ ਸਿਰਕੱਢ ਸਖ਼ਸ਼ੀਅਤਾਂ ਦੀ ਮੀਟਿੰਗ ਰੱਖੀ ਗਈ ਸੀ। ਇਸ ਦੇ ਆਯੋਜਨ ਦੀ ਸਾਰੀ ਜ਼ਿੰਮੇਵਾਰੀ ਸੈਣੀ ਭਵਨ ਰੂਪਨਗਰ ਨੂੰ ਸੌਂਪੀ ਗਈ ਸੀ। ਇਸ ਲਈ ਮੀਟਿੰਗ ਦੀ ਰੂਪਰੇਖਾ ਉਲੀਕਣ ਲਈ ਵਿਸ਼ੇਸ਼ ਮੀਟਿੰਗ 27 ਮਈ ਨੂੰ ਸੰਸਥਾ ਵਿੱਚ ਰੱਖੀ ਗਈ। ਇਸ ਵਿੱਚ ਸੈਣੀ ਮਹਾਂ ਸਭਾ ਦੇ ਪ੍ਰਧਾਨ, ਇਸ ਸਭਾ ਦੇ ਕੁੱਝ ਅਹੁਦੇਦਾਰਾਂ ਸਮੇਤ ਸੈਣੀ ਭਵਨ ਦੇ ਚੇਅਰਮੈਨ, ਪ੍ਰਧਾਨ ਅਤੇ ਹੋਰ ਮੈਂਬਰ ਸ਼ਾਮਿਲ ਹੋਏ। ਸਾਰਿਆਂ ਨੂੰ 30 ਮਈ ਦੀ ਮੀਟਿੰਗ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਗਈ ਅਤੇ ਏਜੰਡਾ ਨੁਕਤੇ ਵਿਚਾਰੇ ਗਏ।

30 ਮਈ ਨੂੰ ਚੰਨੀ ਰਿਜ਼ੌਰਟ ਰਾਹੋਂ ਵਿਖੇ ਹੋਈ ਮੀਟਿੰਗ ਵਿੱਚ ਪੰਜਾਬ ਦੇ ਭਿੰਨ ਭਿੰਨ ਇਲਾਕਿਆਂ- ਗੁਰਦਾਸਪੁਰ, ਅੰਮ੍ਰਿਤਸਰ, ਪਠਾਨਕੋਟ, ਦੀਨਾਨਗਰ, ਨਵਾਂਸ਼ਹਿਰ, ਮੋਹਾਲੀ, ਪਟਿਆਲਾ, ਫਤਿਹਗੜ੍ਹ ਅਤੇ ਚੰਡੀਗੜ੍ਹ ਤੋਂ 65 ਦੇ ਕਰੀਬ ਪਤਵੰਤੇ ਵਿਅਕਤੀ ਹਾਜ਼ਰ ਹੋਏ। ਇਸ ਦੀ ਪ੍ਰਧਾਨਗੀ ਸ਼੍ਰੀ ਤਰਸੇਮ ਸੈਣੀ ਪਟਿਆਲਾ, ਮੁੱਖ ਸਰਪ੍ਰਸਤ ਸੈਣੀ ਭਵਨ ਰੂਪਨਗਰ ਨੇ ਕੀਤੀ ਅਤੇ ਸੰਚਾਲਨ ਸ.ਰਾਜਿੰਦਰ ਸਿੰਘ ਨਨ੍ਹੂਆਂ ਨੇ ਕੀਤਾ। ਇਸ ਵਿੱਚ ਸੈਣੀ ਭਵਨ ਦੇ ਚੇਅਰਮੈਨ ਡਾ.ਅਜਮੇਰ ਸਿੰਘ, ਟਰੱਸਟੀ ਸ. ਰਾਮ ਸਿੰਘ, ਸ. ਗੁਰਮੁਖ ਸਿੰਘ ਤੇ ਸ਼੍ਰੀ ਜਗਦੇਵ ਸਿੰਘ ਤੋਂ ਇਲਾਵਾ ਸੈਣੀ ਵਿਕਾਸ ਬੋਰਡ ਦੇ ਚੇਅਰਮੈਨ, ਸ. ਹਰਜੀਤ ਸਿੰਘ ਲੌਂਗੀਆ ਪ੍ਰਧਾਨ ਸੈਣੀ ਮਹਾਂ ਸਭਾ ਪੰਜਾਬ, ਸ. ਬਲਵਿੰਦਰ ਸਿੰਘ ਮੁਲਤਾਨੀ ਪ੍ਰਧਾਨ ਓਬੀਸੀ ਫੈਡਰੇਸ਼ਨ ਅਤੇ ਕਈ ਸੈਣੀ ਸਭਾਵਾਂ ਦੇ ਅਹੁਦੇਦਾਰਾਂ ਨੇ ਆਪਣੇ ਵਿਚਾਰ ਰੱਖੇ। ਇਸ ਵਿੱਚ ਸੈਣੀ ਬਰਾਦਰੀ ਦੇ ਮਹਾਂਪੁਰਸ਼ਾਂ ਦੀਆਂ ਯਾਦਾਂ ਸਥਾਪਿਤ ਕਰਨ, ਓ.ਬੀ.ਸੀ ਲਈ ਦਾਖਲਿਆਂ ਅਤੇ ਨੌਕਰੀਆਂ ਵਿੱਚ ਰਿਜ਼ਰਵੇਸ਼ਨ 27% ਕਰਨ, ਸੈਣੀ ਜਾਤ ਨੂੰ ਸੈਣੀ ਸਿੱਖ ਵਜੋਂ ਰਜਿਸਟਰ ਕਰਨ ਅਤੇ ਓਬੀਸੀ ਆਬਾਦੀ ਜਾਣਨ ਲਈ ਮਰਦਮਸ਼ੁਮਾਰੀ ਦੇ ਨਿਰਧਾਰਿਤ ਪ੍ਰਫਾਰਮੇ ਵਿੱਚ ਓਬੀਸੀ ਕਾਲਮ ਜੋੜਨ ਵਰਗੇ ਮੁੱਦਿਆਂ 'ਤੇ ਭਰਪੂਰ ਚਰਚਾ ਕਰ ਕੇ ਇਨ੍ਹਾਂ ਨੂੰ ਮੰਜ਼ੂਰ ਕੀਤਾ ਗਿਆ। ਇਸ ਸਮੇਂ ਸ. ਸੁਰਜੀਤ ਸਿੰਘ ਨਨ੍ਹੂਆਂ ਵਲੋਂ ਭਗਤ ਜਮਾਲਾ ਸਿੰਘ ਨਨ੍ਹੂਆਂ ਦੇ ਜੀਵਨ ਬਾਰੇ ਤਿਆਰ ਕਰਵਾਈ ਇਕ ਫੋਟੋ ਵੀ ਰਿਲੀਜ਼ ਕੀਤੀ ਗਈ। ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਵਿੱਚ ਕਾਰਜਸ਼ੀਲ ਅਲੱਗ ਅਲੱਗ ਸੈਣੀ ਸਭਾਵਾਂ ਨੂੰ ਇੱਕ ਸੰਸਥਾ, 'ਸੈਣੀ ਸਮਾਜ' ਦੇ ਨਾਮ ਹੇਠ ਇਕੱਠਾ ਕੀਤਾ ਜਾਵੇ ਜੋ ਸੈਣੀ ਬਰਾਦਰੀ ਦੀਆਂ ਯੋਗ ਮੰਗਾਂ ਮਨਵਾਉਣ ਲਈ ਸੰਘਰਸ਼ ਦੀ ਅਗਵਾਈ ਕਰੇਗੀ। ਇਸ ਦੀ ਪ੍ਰਧਾਨਗੀ ਸਰਬਸੰਮਤੀ ਨਾਲ ਸ਼੍ਰੀ ਤਰਸੇਮ ਸੈਣੀ ਨੂੰ ਸੌਂਪੀ ਗਈ। ਇਸ ਸੰਸਥਾ ਲਈ ਸਾਰੇ ਜ਼ਿਲਿਆਂ ਦੀਆਂ ਸੈਣੀ ਸਭਾਵਾਂ ਨੂੰ ਆਪਣੇ ਦੋ-ਦੋ ਨੁਮਾਂਇੰਦੇ ਮੈਂਬਰ ਵਜੋਂ ਨਾਮਜ਼ਦ ਕਰਨ ਦੀ ਅਪੀਲ ਕੀਤੀ ਗਈ। ਇਸ ਕਾਰਵਾਈ ਉਪਰੰਤ ਇਹ ਮੀਟਿੰਗ ਸਦਭਾਵਨਾ ਵਾਲੇ ਮਾਹੌਲ ਵਿੱਚ ਸਮਾਪਤ ਹੋਈ।

**ਸੈਣੀ ਭਵਨ ਦੀ ਇਮਾਰਤ ਦਾ ਨਵੀਨੀਕਰਨ**- ਸੈਣੀ ਭਵਨ ਦੀ ਪਹਿਲੀ ਮੰਜ਼ਿਲ 'ਤੇ ਹਾਲ ਕਮਰੇ ਅਤੇ ਦਫ਼ਤਰ ਨੂੰ ਜਾਣ ਵਾਲੀਆਂ ਪੌੜੀਆਂ ਕਾਫ਼ੀ ਖਸਤਾ ਹਾਲਤ ਵਿੱਚ ਸਨ ਜਿਨ੍ਹਾਂ ਬਾਰੇ ਬਾਹਰੋਂ ਆਉਣ ਵਾਲੇ ਮਹਿਮਾਨ ਅਕਸਰ

ਪ੍ਰਬੰਧਕਾਂ ਨੂੰ ਟੋਕਦੇ ਰਹਿੰਦੇ ਸਨ। ਇਸ ਲਈ ਇਨ੍ਹਾਂ ਪੌੜੀਆਂ 'ਤੇ ਗਰੇਨਾਈਟ ਦਾ ਪੱਥਰ ਲੁਆ ਕੇ ਇਨ੍ਹਾਂ ਦਾ ਨਵੀਨੀਕਰਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦਫਤਰ ਦੀਆਂ ਅੰਦਰਲੀਆਂ ਕੰਧਾਂ ਦੀ ਸਫੇਦੀ ਵੀ ਕਈ ਥਾਵਾਂ ਤੋਂ ਲਹਿ ਗਈ ਸੀ ਜੋ ਵਾਰ ਵਾਰ ਮੁਰੰਮਤ ਕਰਵਾਉਣ ਨਾਲ ਵੀ ਠੀਕ ਨਹੀਂ ਸੀ ਰਹਿੰਦੀ। ਇਸ ਲਈ ਇਸ ਦੇ ਅੰਦਰ ਪੀ.ਵੀ.ਸੀ ਦੀਆਂ ਸ਼ੀਟਾਂ ਲਗਵਾਈਆਂ ਗਈਆਂ ਅਤੇ ਬਿਜਲੀ ਦੀ ਸਾਰੀ ਫਿਟਿੰਗ ਮੁੜ ਕੇ ਕਰਵਾਈ ਗਈ ਅਤੇ ਖਿੜਕੀਆਂ ਤੇ ਦਰਵਾਜ਼ੇ ਨੂੰ ਨਵੀਂ ਪੇਂਟ ਕਰਵਾਈ ਗਈ। ਇਨ੍ਹਾਂ ਕਾਰਜਾਂ 'ਤੇ ਕਰੀਬ 1,30000 ਰੁਪਏ ਖਰਚ ਆਏ।

**ਸੈਣੀ ਭਵਨ ਦੇ ਮੋਢੀ ਸ਼੍ਰੀ ਐਲ.ਆਰ.ਮੁੰਦਰਾ ਦੀ ਨੌਵੀਂ ਬਰਸੀ ਮਨਾਈ ਗਈ–** ਰੂਪਨਗਰ ਦੇ ਵਾਰਡ ਹਵੇਲੀ ਕਲਾਂ ਦੇ ਵਾਸੀ ਮਹਾਂਦਾਨੀ ਅਤੇ ਸੈਣੀ ਭਵਨ ਰੂਪਨਗਰ ਦੇ ਮੋਢੀ ਸ਼੍ਰੀ ਲੇਖ ਰਾਜ ਮੁੰਦਰਾ ਦੀ ਨੌਵੀਂ ਬਰਸੀ 5 ਜੂਨ, 2026 ਨੂੰ ਉਨ੍ਹਾਂ ਵਲੋਂ ਬਜ਼ੁਰਗਾਂ ਦੀ ਦੇਖਭਾਲ ਲਈ ਸਥਾਪਿਤ 'ਆਪਣਾ ਘਰ' ਵਿਖੇ ਮਨਾਈ ਗਈ। ਇਸ ਸਮੇਂ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ ਅਤੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਮਧੁਰ ਬਾਣੀ ਨਾਲ ਆਨੰਦਿਤ ਕੀਤਾ। ਇਸ ਸਮਾਗਮ ਵਿੱਚ ਆਪਣਾ ਘਰ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ਼੍ਰੀ ਰਾਜਿੰਦਰ ਸੈਣੀ ਤੇ ਮੈਂਬਰਾਂ ਤੋਂ ਇਲਾਵਾ ਸੈਣੀ ਭਵਨ ਦੇ ਚੇਅਰਮੈਨ. ਡਾ.ਅਜਮੇਰ ਸਿੰਘ, ਜਨਰਲ ਸਕੱਤਰ ਸ.ਬਲਬੀਰ ਸਿੰਘ ਸੈਣੀ, ਉੱਪਚੇਅਰਮੈਨ ਸ.ਗੁਰਮੁਖ ਸਿੰਘ ਸੈਣੀ, ਟਰੱਸਟੀ ਸ.ਅਮਰਜੀਤ ਸਿੰਘ, ਸ੍ਰੀ ਜਗਦੇਵ ਸਿੰਘ, ਸ. ਹਾਕਮ ਸਿੰਘ, ਪ੍ਰਧਾਨ ਸ. ਰਾਜਿੰਦਰ ਸਿੰਘ ਨਨੂਆਂ, ਐਡਵੋਕੇਟ ਰਵਿੰਦਰ ਮੁੰਦਰਾ, ਡਾ.ਹਰਚਰਨ ਦਾਸ, ਡਾ.ਜਸਵੰਤ ਕੌਰ, ਸ.ਬਹਾਦੁਰਜੀਤ ਸਿੰਘ ਅਤੇ ਸ.ਸੁਰਿੰਦਰ ਸਿੰਘ ਸ਼ਾਮਲ ਹੋਏ। ਮੁੰਦਰਾ ਸਾਹਿਬ ਦੇ ਪ੍ਰੇਮੀ ਤੇ ਸ਼ਰਧਾਲੂ ਸ਼ਹਿਰ ਦੇ ਕਈ ਪ੍ਰਮੁੱਖ ਸੱਜਣਾਂ ਨੇ ਵੀ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਸਮੇਂ ਵਕਤਾਵਾਂ ਨੇ ਸ਼੍ਰੀ ਮੁੰਦਰਾ ਜੀ ਦੀ ਵਿਲੱਖਣ ਸਖ਼ਸ਼ੀਅਤ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਨੂੰ ਭਰਪੂਰ ਸ਼ਰਧਾਂਜਲੀ ਅਰਪਣ ਕੀਤੀ। ਇਸ ਦੇ ਅੰਤ ਵਿੱਚ ਸਾਰਿਆਂ ਨੂੰ ਚਾਹ-ਪਾਣੀ ਨਾਲ ਨਿਵਾਜਿਆ ਗਿਆ।



**ਸੈਣੀ ਭਵਨ ਵਿੱਚ ਏ.ਸੀ. ਲਗਵਾਇਆ–** ਸੈਣੀ ਭਵਨ ਵਿਖੇ ਸਿਲਾਈ-ਕਢਾਈ ਦੀ ਸਿਖਲਾਈ ਹਾਸਲ ਕਰ ਰਹੀਆਂ ਸਿੱਖਿਆਰਥਣਾਂ ਦੀ ਸਹੂਲਤ ਨੂੰ ਮੁੱਖ ਰਖਦਿਆਂ ਸ੍ਰੇਣੀ ਕਮਰੇ ਵਿੱਚ ਏ.ਸੀ ਫਿੱਟ ਕਰਵਾਇਆ ਗਿਆ। ਇਸ 'ਤੇ 40 ਹਜ਼ਾਰ ਰੁਪਏ ਖਰਚ ਆਏ ਜਿਸ ਵਿੱਚੋਂ ਸੈਣੀ ਭਵਨ

ਬਾਕੀ ਸਫ਼ਾ 10 'ਤੇ......

## 42ਵੇਂ ਸਾਲਾਨਾ ਸੈਣੀ ਸੰਮੇਲਨ ਸਮੇਂ ਪਾਸ ਕੀਤੇ ਮਤੇ

**1.ਓ.ਬੀ.ਸੀ ਰਿਜਰਵੇਸ਼ਨ ਦਾ ਕੋਟਾ ਵਧਾਉਣ ਸਬੰਧੀ :** ਸੈਣੀ ਭਵਨ ਰੂਪਨਗਰ ਵਲੋਂ ਬਰਾਦਰੀ ਦੇ ਸਮਾਜਿਕ, ਵਿਦਿਅਕ, ਆਰਥਿਕ ਤੇ ਰਾਜਨੀਤੀਕ ਪਿਛੜੇਪਣ ਨੂੰ ਧਿਆਨ ਵਿਚ ਰੱਖ ਕੇ ਸੈਣੀ ਬਰਾਦਰੀ ਨੂੰ ਓ.ਬੀ.ਸੀ. ਵਿਚ ਸ਼ਾਮਲ ਕਰਵਾਉਣ ਲਈ ਸਾਲ 2013 ਤੋਂ ਆਰੰਭੇ ਸੰਘਰਸ਼ ਨੂੰ 2016 ਵਿਚ ਸਫਲਤਾ ਮਿਲੀ। ਅੱਜ ਸੈਣੀ ਭਵਨ ਵਲੋਂ ਇਹ ਮਤਾ ਪੇਸ਼ ਕੀਤਾ ਜਾਂਦਾ ਹੈ ਕਿ ਪੰਜਾਬ ਵਿਚ ਓ.ਬੀ.ਸੀ ਨੂੰ ਨੌਕਰੀਆਂ ਪ੍ਰਾਪਤ ਕਰਨ ਲਈਂ ਓ.ਬੀ.ਸੀ. ਦਾ ਕੋਟਾ 12# ਤੋਂ ਵਧਾ ਕੇ 27# ਕੀਤਾ ਜਾਵੇ।

**2. ਸੈਣੀ ਬਰਾਦਰੀ ਨੂੰ ਰਾਜਨੀਤਿਕ ਪ੍ਰਤੀਨਿਧਤਾ ਦੇਣ ਸਬੰਧੀ** : ਅੱਜ ਦਾ ਇਹ ਸੰਮੇਲਨ ਸਾਰੀਆਂ ਰਾਜਨੀਤੀਕ ਪਾਰਟੀਆਂ ਤੋਂ ਮੰਗ ਕਰਦਾ ਹੈ ਕਿ ਸੈਣੀ ਬਰਾਦਰੀ ਦੀ ਰਾਜ ਵਿਚ 15# ਆਬਾਦੀ ਦੇ ਆਧਾਰ ਤੇ ਇਸ ਦੇ ਵਰਕਰਾਂ ਅਤੇ ਲੀਡਰਾਂ ਨੂੰ ਟਿਕਟਾਂ ਅਤੇ ਹੋਰ ਅਹੁਦੇ ਦੇ ਕੇ ਯੋਗ ਪ੍ਰਤੀਨਿਧਤਾ ਦਿੱਤੀ ਜਾਵੇ।

**3. ਸੈਣੀ ਬਰਾਦਰੀ ਦੇ ਮਹਾਨ ਸਿੱਖਾਂ ਦੀ ਯਾਦਗਾਰ ਬਣਾਉਣ ਸਬੰਧੀ:** ਅੱਜ ਦਾ ਸੈਣੀ ਸੰਮੇਲਨ ਇਹ ਮਤਾ ਪਾਸ ਕਰਕੇ ਇਨਾਂ ਗੁਰਦੁਆਰਾ ਕਮੇਟੀਆਂ, ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਪਾਸੋਂ ਮੰਗ ਕਰਦਾ ਹੈ ਕਿ ਅਮਰ ਸ਼ਹੀਦ ਭਾਈ ਜਮਾਲਾ ਸਿੰਘ ਨੰਨੂਆਂ ਦਾ ਨਾਮ ਇਤਿਹਾਸਕ ਸੂਚਨਾ ਬੋਰਡਾਂ ਵਿਚ ਸ਼ਾਮਲ ਕਰਕੇ ਇਤਿਹਾਸ ਦੀਆਂ ਕਿਤਾਬਾਂ ਵਿਚ ਵੀ ਸ਼ਾਮਲ ਕੀਤਾ ਜਾਵੇ ਅਤੇ ਉਨ੍ਹਾਂ ਦੀ ਢੁੱਕਵੀ ਯਾਦਗਾਰ ਬਣਾਈ ਜਾਵੇ।

**4. ਰੂਪਨਗਰ ਸ਼ਹਿਰ ਨੂੰ ਸੁੰਦਰ ਬਣਾਉਣ ਬਾਰੇ**: ਸਰਹਿੰਦ ਨਹਿਰ ਤੇ ਬਾਈ ਪਾਸ ਨਜਦੀਕ ਬਣੇ ਜੌੜੇ ਪੁਲਾਂ ਤੱਕ ਦੋਨਾਂ ਕੰਢਿਆਂ ਨੂੰ ਪੱਕਾ ਕਰਕੇ ਇਸ ਦੀ ਸਫਾਈ ਦਾ ਕੰਮ ਕਰਵਾਇਆ ਜਾਵੇ। ਇਸ ਨਾਲ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲੱਗਣਗੇ।ਇਸ ਤੋਂ ਇਲਾਵਾ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਸਰਹਿੰਦ ਨਹਿਰ ਦੇ ਇਸ ਭਾਗ ਵਿਚ ਕਿਸ਼ਤੀਆਂ ਅਤੇ ਸ਼ਿਕਾਰੇ ਆਦਿ ਚਲਾਉਣ ਦਾ ਕਾਰਜ ਕੀਤਾ ਜਾਵੇ।

**5. ਸਮਾਜਿਕ ਕਾਰਜਾਂ 'ਤੇ ਫਜ਼ੂਲ ਖਰਚੀ ਬੰਦ ਕਰਨ ਬਾਰੇ**: ਸੈਣੀ ਬਰਾਦਰੀ ਦੇ ਇਸ ਸਾਲਾਨਾ ਸੰਮੇਲਨ ਵਿਚ ਸਾਰੀ ਬਰਾਦਰੀ ਨੂੰ ਇਹ ਸੱਦਾ ਦਿੱਤਾ ਜਾਂਦਾ ਹੈ ਕਿ ਫੋਕੀ ਸ਼ਾਨ ਹਿੱਤ ਦੂਜਿਆਂ ਦੀ ਰੀਸ ਕਰਕੇ ਵਿਆਹਾਂ ਅਤੇ ਭੋਗਾਂ ਤੇ ਫਜ਼ੂਲ ਖਰਚੀ ਕਰਨੀ ਬੰਦ ਕੀਤੀ ਜਾਵੇ ਅਤੇ ਪੈਸੇ ਨੂੰ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਨੂੰ ਮਜਬੂਤ ਕਰਨ ਲਈ ਬੱਚਿਆਂ ਦੀ ਪੜ੍ਹਾਈ ਜਾਂ ਕਾਰੋਬਾਰ ਸਥਾਪਤ ਕਰਨ ਵਿਚ ਨਿਵੇਸ਼ ਕੀਤਾ ਜਾਵੇ ਅਤੇ ਕਰਜ਼ਈ ਹੋਣ ਤੋਂ ਬਚਿਆ ਜਾਵੇ।

**6. ਨੌਜਵਾਨਾਂ ਦਾ ਨਸ਼ਿਆਂ ਤੋਂ ਬਚਾਓ :** ਪੰਜਾਬ ਵਿਚ

ਬਾਕੀ ਸਫ਼ਾ 19 'ਤੇ ......

ਜੀਵਨ ਜਾਚ



# ਜ਼ਿੰਦਗੀ ਦੇ ਦੋ ਪਹਿਲੂ - ਦੁੱਖ ਅਤੇ ਸੁੱਖ

ਗੁਰਬਿੰਦਰ ਸਿੰਘ ਮਾਣਕ
ਖਰਲ ਕਲਾਂ

ਦੁੱਖ-ਸੁੱਖ ਜ਼ਿੰਦਗੀ ਰੂਪੀ ਤਸਵੀਰ ਦੇ ਦੋ ਪਾਸੇ ਹਨ। ਮਨੁੱਖ ਨੂੰ ਇਨ੍ਹਾਂ ਦੋਵਾਂ ਦਾ ਅਨੁਭਵ ਹੀ ਹੋਵੇ ਤਾਂ ਜੀਵਨ ਦੀ ਸਮਝ ਆਉਂਦੀ ਹੈ। ਜਿਹੜਾ ਕਦੇ ਨੰਗੇ ਪੈਰ ਤੁਰਿਆ ਹੀ ਨਾ ਹੋਵੇ, ਉਸ ਲਈ ਨੰਗੇ ਪੈਰਾਂ ਦੇ ਸਫ਼ਰ ਦੀਆਂ ਦੁਸ਼ਵਾਰੀਆਂ ਦੀ ਥਾਹ ਪਾਉਣੀ ਔਖੀ ਹੈ। ਸਿਆਣੇ ਕਹਿੰਦੇ ਹਨ ਕਿ ਜਿਹਦੇ ਪੈਰ ਵਿੱਚ ਕਦੇ ਬਿਆਈ ਨਾ ਫਟੀ ਹੋਵੇ, ਉਹ ਨੂੰ ਭਲਾ ਬਿਆਈ ਦੀ ਚੀਸ ਦਾ ਕੀ ਅਨੁਭਵ ਹੋਵੇਗਾ। ਜੇ ਕਿਸੇ ਦੇ ਜੀਵਨ ਵਿੱਚ ਕੇਵਲ ਸੁੱਖ ਹੀ ਹੋਣ ਤਾਂ ਨਾਂ ਪੂਰੀ ਸ਼ਿੱਦਤ ਨਾਲ ਸੁੱਖਾਂ ਦੀ ਸਮਝ ਪੈਂਦੀ ਹੈ ਤੇ ਨਾਂ ਹੀ ਇਹ ਪਤਾ ਲਗਦਾ ਹੈ ਕਿ ਦੁੱਖ ਕੀ ਹੁੰਦਾ ਹੈ। ਜਿਹੜਾ ਮਨੁੱਖ ਲੰਮੇ ਸਮੇਂ ਤੱਕ ਦੁੱਖਾਂ ਦੇ ਪਰਬਤੋਂ ਭਾਰੇ ਪੁੜਾਂ ਵਿੱਚ ਨਪੀੜਿਆ ਜਾਂਦਾ ਰਿਹਾ ਹੋਵੇ, ਉਸ ਨੂੰ ਕੋਈ ਖੁਸ਼ੀ ਮਿਲੇ ਤਾਂ ਉਸ ਦੇ ਮਨ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਅਜਿਹੀ ਖੁਸ਼ੀ ਨੂੰ ਤਾਂ ਅਨੁਭਵ ਹੀ ਕੀਤਾ ਜਾ ਸਕਦਾ ਹੈ। ਮਨੁੱਖ ਆਦਿ ਕਾਲ ਤੋਂ ਹੀ ਸੁੱਖਾਂ ਦੀ ਭਾਲ ਵਿੱਚ ਲੱਗਾ ਹੋਇਆ ਹੈ। ਦੁੱਖਾਂ ਦੀਆਂ ਅਨੇਕ ਪਰਤਾਂ ਹਨ। ਕਿਸੇ ਲਈ ਗਰੀਬੀ ਸੰਤਾਪ ਬਣੀ ਹੋਈ ਹੈ ਤੇ ਕਿਸੇ ਲਈ ਪੈਸਾ ਹੀ ਦੁੱਖ ਲੈ ਕੇ ਆਉਂਦਾ ਹੈ। ਕੋਈ ਔਲਾਦ ਨਾ ਹੋਣ ਤੋਂ ਮਨ ਵਿੱਚ ਦੁੱਖ ਪਾਲ਼ੀ ਬੈਠਾ ਹੈ ਤੇ ਕੋਈ ਔਲਾਦ ਹੁੰਦਿਆਂ ਵੀ ਦੁੱਖ ਤੇ ਕਸ਼ਟਾਂ ਵਿੱਚ ਪਿਆ ਹੋਇਆ ਹੈ।

ਮਨੁੱਖ ਵਲੋਂ ਸਾਰੇ ਕਾਰ-ਵਿਹਾਰ ਕਰਦਿਆਂ, ਜ਼ਿੰਦਗੀ ਦੀਆਂ ਦੁਸ਼ਵਾਰੀਆਂ ਤੇ ਤੰਗੀਆਂ-ਤੁਰਸ਼ੀਆਂ ਝੱਲਦਿਆਂ, ਉਸ ਦੇ ਮਨ ਵਿੱਚ ਕੋਈ ਆਸ ਦੀ ਕਿਰਨ ਜ਼ਰੂਰ ਹੁੰਦੀ ਹੈ ਕਿ ਸਾਡੇ ਵਿਹੜੇ ਵੀ ਕਦੇ ਸੁੱਖਾਂ ਤੇ ਖੁਸ਼ੀਆਂ ਦੇ ਖੂਬਸੂਰਤ ਫੁੱਲ ਖਿੜਨਗੇ। ਕੁਦਰਤ ਕੋਲੋਂ ਵੀ ਮਨੁੱਖ ਹਮੇਸ਼ਾਂ ਹੀ ਸੁੱਖਾਂ ਤੇ ਖੁਸ਼ੀਆਂ ਦੀ ਮੰਗਦਾ ਆਇਆ ਹੈ। ਦੁਨੀਆਂ ਦਾ ਸ਼ਾਇਦ ਹੀ ਕੋਈ ਅਜਿਹਾ ਮਨੁੱਖ ਹੋਵੇ, ਜਿਸ ਨੇ ਕਦੇ ਕਿਸੇ ਦੁੱਖਾਂ ਲਈ ਯਤਨ ਕੀਤੇ ਹੋਣ। ਇਸ ਕਾਰਨ ਹੀ ਕਦੇ ਕਿਸੇ ਦੁੱਖੀ ਇਨਸਾਨ ਨੂੰ ਉਦਾਸੀ ਦੇ ਭੰਵਰ ਵਿੱਚ ਭਟਕਦਿਆਂ ਦੇਖ ਕੇ ਕੋਈ ਕਹਿ ਉੱਠਦਾ ਹੈ ਕਿ ਹੇ ਰੱਬਾ! ਅਜਿਹਾ ਦੁੱਖ ਨਾ ਕਿਸੇ ਨੂੰ ਦੇਵੀਂ। ਜਿਹੋ ਜਿਹੀ ਕਿਸੇ ਦੀ ਸੋਚ ਤੇ ਨਜ਼ਰੀਆ ਹੋਵੇਗਾ, ਉਸ ਲਈ ਜ਼ਿੰਦਗੀ ਦੇ ਅਰਥ ਵੀ ਉਸੇ ਅਨੁਸਾਰ ਹੀ ਹੋਣਗੇ। ਕੋਈ ਜੀਵਨ ਨੂੰ ਸੂਲਾਂ ਦੀ ਸੇਜ ਕਹਿੰਦਾ ਹੈ, ਕੋਈ ਕੰਡਿਆਂ ਦਾ ਤਾਜ। ਕਿਸੇ ਲਈ ਜੀਵਨ ਬਗੀਚੇ ਵਿੱਚ ਖਿੜੇ, ਸੁਗੰਧੀਆਂ ਤੇ ਮਹਿਕਾਂ ਬਿਖੇਰਦੇ ਰੰਗ-ਬਰੰਗੇ ਫੁੱਲਾਂ ਸਮਾਨ ਹੁੰਦਾ ਹੈ। ਕਿਸੇ ਕਿਰਤੀ ਕਾਮੇ ਲਈ ਜੀਵਨ ਦੇ ਅਰਥ ਮਿਹਨਤ ਦਾ ਪਸੀਨਾ ਵਹਾ ਕੇ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨ ਤੋਂ ਵੱਧ ਕੁੱਝ ਨਹੀਂ ਹੁੰਦੇ। ਪੂੰਜੀਪਤੀਆਂ ਲਈ ਲੁੱਟ-ਖਸੁੱਟ ਨਾਲ ਦੌਲਤ ਦੇ ਅੰਬਾਰ ਸਿਰਜਣ ਵਿੱਚ ਹੀ ਖੁਸ਼ੀ ਛੁਪੀ ਹੋਈ ਹੁੰਦੀ ਹੈ। ਕਈਆਂ ਦੇ ਸੁਭਾਉ ਵਿੱਚ ਹੀ ਕੁਦਰਤੀ ਰੂਪ ਵਿੱਚ ਅਜਿਹੀ ਡੂੰਘੀ ਉਦਾਸੀ ਪਸਰੀ ਹੁੰਦੀ ਹੈ ਕਿ ਉਨ੍ਹਾਂ ਦੇ ਮਨ ਨੂੰ ਦੁਨੀਆਂ ਦੇ ਰੰਗ-ਤਮਾਸ਼ੇ ਭਾਉਂਦੇ ਹੀ ਨਹੀਂ। ਉਹ ਸਿਰ ਸੁੱਟ ਕੇ, ਜੀਵਨ-ਰੂਪੀ ਗੱਡੀ ਰੇੜ੍ਹਦੇ ਇੱਕ ਦਿਨ ਇਸ ਸੰਸਾਰ ਤੋਂ ਚਲੇ ਜਾਂਦੇ ਹਨ।

ਉਂਝ ਤਾਂ ਕੁਦਰਤ ਦੇ ਪਸਾਰੇ ਵਿੱਚ ਵੀ ਅਨੇਕਾਂ ਸੁੱਖ ਤੇ ਖੁਸ਼ੀਆਂ ਪਸਰੀਆਂ ਹੋਈਆਂ ਹਨ, ਪਰ ਇਨ੍ਹਾਂ ਦੀ ਥਾਹ ਵੀ ਕੋਈ ਵਿਰਲਾ ਹੀ ਪਾ ਸਕਦਾ ਹੈ। ਬਿਨਾਂ ਸ਼ੱਕ, ਚੀਜ਼ਾਂ ਦੀ ਲੋੜ ਪੈਂਦੀ ਹੈ, ਪਰ ਕੁਦਰਤ ਨੇ ਜਿਹੜੀਆਂ ਅਣਮੁੱਲ ਦਾਤਾਂ ਬਖਸ਼ੀਆਂ ਹੋਈਆਂ ਹਨ, ਮਨੁੱਖ ਉਨ੍ਹਾਂ ਲਈ ਕਦੇ ਸ਼ੁਕਰਗੁਜ਼ਾਰ ਨਹੀਂ ਹੋਇਆ। ਹਵਾ,ਪਾਣੀ, ਧਰਤੀ,ਰੁੱਖ, ਜੰਗਲ, ਨਦੀਆਂ, ਦਰਿਆ, ਮਹਾਂਸਾਗਰ, ਰੁੱਤਾਂ, ਪੌਣ-ਪਾਣੀ, ਵਰਖਾ, ਧੁੱਪ, ਪਸ਼ੂ, ਪਰਿੰਦੇ, ਜਾਨਵਰ ਤੇ ਅਨੇਕਾਂ ਹੋਰ ਵਡਮੁੱਲੇ ਤੋਹਫੇ, ਮਨੁੱਖੀ ਜ਼ਿੰਦਗੀ ਨੂੰ ਚੱਲਦਾ ਰੱਖਣ ਲਈ ਸੁੱਖਾਂ ਦੇ ਭੰਡਾਰ ਹਨ। ਸਰਦੀਆਂ ਵਿੱਚ ਜੇ ਧੁੱਪ ਚੜ੍ਹ ਆਵੇ ਤਾਂ ਧੁੱਪ ਦਾ ਨਿੱਘ ਮਾਣਦਿਆਂ ਜਿਹੜਾ ਸਕੂਨ ਮਿਲਦਾ ਹੈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਜਿਹੜੇ ਦੇਸ਼ਾਂ ਵਿੱਚ ਲਗਾਤਾਰ ਬਰਫ਼ ਪੈਂਦੀ ਹੈ ਤੇ ਸੂਰਜ ਦੇ ਦਰਸ਼ਨ ਨਹੀਂ ਹੁੰਦੇ ਤੇ ਉਹ ਲਗਾਤਾਰ ਧੁੱਪ ਮਾਨਣ ਲਈ ਤਰਸਦੇ ਰਹਿੰਦੇ ਹਨ। ਮਨੁੱਖ ਨੇ ਗਰਮੀ ਸਰਦੀ ਦਾ ਮੁਕਾਬਲਾ ਕਰਨ ਲਈ ਅਨੇਕਾਂ ਸਾਧਨ ਬਣਾ ਲਏ ਹਨ, ਪਰ ਕੁਦਰਤ ਵਲੋਂ ਬਖ਼ਸ਼ੀ ਠੰਢੀ ਹਵਾ ਤੇ ਧੁੱਪ ਜਿਹੜਾ ਮਜ਼ਾ ਦਿੰਦੀ ਹੈ, ਉਸ ਦਾ ਮੁਕਾਬਲਾ ਕੋਈ ਨਹੀਂ।

ਭੁੱਖ ਦਾ ਦੁੱਖ ਸਭ ਤੋਂ ਘਾਤਕ ਮੰਨਿਆਂ ਜਾਂਦਾ ਹੈ। ਸਾਡੀਆਂ ਲੋਕ ਸਿਆਣਪਾਂ ਵਿੱਚ ਵੀ ਕਿਹਾ ਜਾਂਦਾ ਹੈ, 'ਪੇਟ ਨਾ ਪਈਆਂ ਰੋਟੀਆਂ, ਤਾਂ ਸਭੇ ਗੱਲਾਂ ਖੋਟੀਆਂ, ਮੌਤੋਂ ਭੁੱਖ ਬੁਰੀ'। ਦੋ ਡੰਗ ਦੀ ਰੁੱਖੀ-ਸੁੱਖੀ ਰੋਟੀ ਮਿਲ ਜਾਣੀ ਗਨੀਮਤ ਸਮਝੀ ਜਾਂਦੀ ਹੈ ਤੇ ਮਨੁੱਖ ਕੁਦਰਤ ਦਾ ਸ਼ੁਕਰਾਨਾ ਕਰਦਿਆਂ ਖੁਸ਼ੀ ਮਹਿਸੂਸ ਕਰਦਾ ਹੈ। ਪਰ ਜੇਕਰ ਢਿੱਡ ਨੂੰ ਝੁਲਕਾ ਦੇਣ ਦਾ ਕੋਈ ਵਸੀਲਾ ਹੀ ਨਾ ਹੋਵੇ, ਤਾਂ ਇਸ ਤੋਂ ਵੱਡਾ ਕੋਈ ਦੁੱਖ ਨਹੀਂ ਹੁੰਦਾ। ਸਾਡੇ ਦੇਸ਼ ਦੀ ਬਦਕਿਸਮਤੀ ਹੈ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਇਸ ਦੇਸ਼ ਦੇ ਲੱਖਾਂ ਨਾਗਰਿਕ ਦੋ ਡੰਗ ਦੀ ਰੋਟੀ ਲਈ ਵੀ ਤਰਸਦੇ ਹਨ। ਉਹ ਮੰਦਰਾਂ, ਗੁਰਦੁਆਰਿਆਂ ਤੇ ਸਮਾਜਸੇਵੀ ਸੰਸਥਾਵਾਂ ਵਲੋਂ ਚਲਾਏ ਜਾਂਦੇ ਲੰਗਰਾਂ ਜਾਂ ਇੱਧਰੋਂ-ਉੱਧਰੋਂ ਮੰਗ-ਤੰਗ ਕੇ ਡੰਗ ਸਾਰਦੇ ਹਨ। ਕਈਆਂ ਨੂੰ ਭੁੱਖ ਮਿਟਾਉਣ ਲਈ ਕੂੜੇ ਦੇ ਢੇਰਾਂ ਵਿੱਚੋਂ ਜਾਂ ਹੋਟਲਾਂ/ਢਾਬਿਆਂ ਦੇ ਬਾਹਰ ਸੁੱਟੀ ਜੂਠ ਵਿੱਚੋਂ ਖਾਣ ਲਈ ਕੁੱਝ ਲੱਭਣ ਦੀ ਜ਼ਹਾਲਤ ਸਹਿਣੀ ਪੈਂਦੀ ਹੈ। ਉਨ੍ਹਾਂ ਦੇ ਦੁੱਖ-ਦਰਦਾਂ ਦੀ ਕੋਈ ਸੀਮਾਂ ਨਹੀਂ ਹੁੰਦੀ। ਇਸ ਮਹਾਨ ਦੇਸ਼ ਦੇ ਲੱਖਾਂ ਬੇਘਰ ਲੋਕ ਨੀਲੀ ਛੱਤ ਜਾਂ ਕਿਸੇ ਬੱਸ ਅੱਡੇ, ਸਟੇਸ਼ਨ ਜਾਂ ਕਿਸੇ ਦੁਕਾਨ ਦੇ ਛੱਜੇ ਹੇਠ ਰਾਤਾਂ ਕੱਟਦੇ, ਅਤਿ ਦੀ ਗਰਮੀ, ਸਰਦੀ ਤੇ ਵਰਖਾ ਦਾ ਕਸ਼ਟ ਝੱਲਦੇ, ਭੁੱਖਾਂ-ਦੁੱਖਾਂ


ਵਿੱਚ ਦਿਨ ਕਟੀ ਕਰਦੇ ਇਸ ਜਹਾਨ ਤੋਂ ਤੁਰ ਜਾਂਦੇ ਹਨ, ਜਿਨ੍ਹਾਂ ਨੂੰ ਕਦੇ ਵੀ ਕੋਈ ਖੁਸ਼ੀ ਨਸੀਬ ਨਹੀਂ ਹੁੰਦੀ।

ਗਰੀਬੀ ਆਪਣੇ ਆਪ ਵਿੱਚ ਹੀ ਇੱਕ ਸੰਤਾਪ ਤੇ ਦੁੱਖਾਂ ਦਾ ਘਰ ਹੈ। ਅਜਿਹੀ ਨਿੱਘਰੀ ਹਾਲਤ ਵਿੱਚ ਘਰ ਦੇ ਜੀਆਂ ਦੇ ਉਦਾਸ ਚਿਹਰੇ, ਭੁੱਖਾਂ ਤੇ ਲੋੜਾਂ-ਥੁੜਾਂ ਦੇ ਭੰਨੇ ਸਰੀਰ ਤੇ ਵਿਰਾਨ ਹੋਇਆ ਘਰ ਦਾ ਹਰ ਕੋਨਾ ਸਾਰੀ ਵਿਥਿਆ ਆਪ ਹੀ ਬਿਆਨ ਕਰ ਦਿੰਦਾ ਹੈ। ਭੁੱਖਾਂ ਤੇ ਗਰੀਬੀ ਨਾਲ ਬਿਮਾਰੀਆਂ ਦੀ ਵੀ ਗੂੜ੍ਹੀ ਰਿਸ਼ਤੇਦਾਰੀ ਹੈ। ਜਿੱਥੇ ਇੱਕ ਡੰਗ ਦੀ ਰੋਟੀ ਲਈ ਕੋਈ ਤੜਫਦਾ ਹੋਵੇ ਤਾਂ ਉੱਥੇ ਬਿਮਾਰੀ ਲਈ ਕੋਈ ਦਵਾ-ਦਾਰੂ ਕੀਹਨੂੰ ਸੁੱਝਦੀ ਹੈ? ਬਿਮਾਰੀ ਤਾਂ ਚੰਗੇ-ਭਲੇ ਬੰਦੇ ਦਾ ਤਰਾਹ ਕੱਢ ਦਿੰਦੀ ਹੈ ਤੇ ਗਰੀਬ ਤਾਂ ਮਹਿੰਗੇ ਇਲਾਜ ਬਾਰੇ ਸੋਚ ਵੀ ਨਹੀਂ ਸਕਦਾ। ਉਂਜ ਕੋਈ ਬਿਮਾਰੀ ਭਾਵੇਂ ਗਰੀਬ ਤੇ ਅਮੀਰ ਵਿੱਚ ਕੋਈ ਵਿਤਕਰਾ ਨਹੀਂ ਕਰਦੀ ਪਰ ਸਾਧਨਾਂ ਤੋਂ ਹੀਣਾ, ਗਰੀਬੀ ਦੇ ਥਪੇੜੇ ਝੱਲਦਾ ਮਨੁੱਖ ਤਾਂ ਪਹਿਲਾਂ ਹੀ ਅੱਧ-ਮੋਇਆ ਹੁੰਦਾ ਹੈ, ਤੇ ਜੇ ਉੱਤੋਂ ਬਿਮਾਰੀ ਆ ਜਾਵੇ ਤਾਂ ਉਸ ਦਾ ਪ੍ਰਕੋਪ ਸਹਿਣਾ ਬਹੁਤ ਮੁਸ਼ਕਲ ਹੁੰਦਾ ਹੈ, ਤੇ ਅੰਤ ਮੌਤ ਨੇ ਉਸ ਨੂੰ ਆਪਣੀ ਆਗੋਸ਼ ਵਿੱਚ ਸਮਾ ਹੀ ਲੈਣਾ ਹੁੰਦਾ ਹੈ।

ਕਈ ਵਾਰੀ ਚੰਗੀ-ਭਲੀ ਤੁਰੀ ਜਾਂਦੀ ਜ਼ਿੰਦਗੀ ਵਿੱਚ ਅਚਾਨਕ ਵਾਪਰੇ ਹਾਦਸੇ ਮਨੁੱਖ ਨੂੰ ਜੀਵਨ ਭਰ ਦੁੱਖਾਂ ਦੇ ਸਮੁੰਦਰ ਵਿੱਚ ਗੋਤੇ ਖਾਣ ਲਈ ਮਜ਼ਬੂਰ ਕਰ ਦਿੰਦੇ ਹਨ। ਸੜਕਾਂ 'ਤੇ ਨਿੱਤ ਵਾਪਰਦੇ ਦਰਦਨਾਕ ਹਾਦਸੇ ਇਸ ਗੱਲ ਦੇ ਗਵਾਹ ਹਨ। ਕਈ ਹਾਦਸਿਆਂ ਵਿੱਚ ਤਾਂ ਸਾਰਾ ਪਰਿਵਾਰ ਹੀ ਲਾਸ਼ਾਂ ਬਣ ਘਰ ਮੁੜਦਾ ਹੈ। ਜੇ ਕੋਈ ਇੱਕ-ਦੋ ਜੀਅ ਬਚ ਜਾਣ ਤਾਂ ਉਨ੍ਹਾਂ ਦੀ ਜ਼ਿੰਦਗੀ ਵੀ ਦੁੱਖਾਂ, ਸਦਮਿਆਂ ਤੇ ਵਿਰਲਾਪ ਕਰਦਿਆਂ ਹੀ ਗੁਜ਼ਰਦੀ ਹੈ। ਖੁਸ਼ੀਆਂ-ਖੇੜਿਆਂ ਨਾਲ ਵਸਦੇ ਪਰਿਵਾਰਾਂ ਵਿੱਚੋਂ, ਜੇ ਪਤੀ ਚੱਲ ਵਸੇ ਤਾਂ ਪਤਨੀ ਤੇ ਬਾਕੀ ਪਰਿਵਾਰ ਦੀ ਜ਼ਿੰਦਗੀ ਹਨ੍ਹੇਰੀ ਹੋ ਜਾਂਦੀ ਹੈ, ਤੇ ਜੇ ਪਤਨੀ ਚੱਲ ਵਸੇ ਤਾਂ ਘਰ ਵਿੱਚੋਂ ਰੂਹ ਹੀ ਉਡ ਜਾਂਦੀ ਹੈ ਤੇ ਘਰ ਉਦਾਸ ਪਤਝੜ ਵਾਂਗ ਨਜ਼ਰ ਆਉਂਦਾ ਹੈ।

ਦੁੱਖਾਂ ਦੀ ਪੀੜਾ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਤਾਂ ਜਿਸ ਉੱਤੇ ਵਾਪਰੇ ਉਸ ਨੂੰ ਹੀ ਅਨੁਭਵ ਹੁੰਦਾ ਹੈ। ਪਰ ਜੇਕਰ ਮਨੁੱਖ ਆਪਣੇ ਦੁੱਖਾਂ ਤੋਂ ਬਾਹਰ ਨਿਕਲ ਕੇ ਆਲੇ-ਦੁਆਲੇ ਵਸਦੇ ਲੋਕਾਂ ਦੇ ਦੁੱਖਾਂ-ਦਰਦਾਂ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰੇ, ਤਾਂ ਉਸ ਨੂੰ ਆਪਣੇ ਦੁੱਖ-ਕਸ਼ਟ ਬਹੁਤ ਨਿਗੂਣੇ ਨਜ਼ਰ ਆਉਣਗੇ। ਆਪਣੇ ਤੋਂ ਵੱਧ ਦੁਖੀ ਨੂੰ ਦੇਖ ਕੇ ਮਨੁੱਖ ਨੂੰ ਆਪਣਾ ਦੁੱਖ ਛੋਟਾ ਹੀ ਨਜ਼ਰ ਨਹੀਂ ਆਵੇਗਾ, ਸਗੋਂ ਦੁੱਖ ਸਹਿਣ ਦੀ ਸਮਰੱਥਾ ਵੀ ਮਿਲੇਗੀ। ਜੀਵਨ ਦਾ ਇਹੀ ਦਸਤੂਰ ਹੈ।

❊ ❊❊❊ ❊



ਵਾਰਡ ਨੰ. 16 ਤੋਂ ਚੁਣੇ ਗਏ ਕੌਂਸਲਰ **ਸ਼੍ਰੀਮਤੀ ਸੁਰਜੀਤ ਕੌਰ**, ਮਿਊਂਸਪਲ ਕੌਂਸਲ ਰੂਪਨਗਰ ਦੇ ਉੱਪ ਪ੍ਰਧਾਨ ਬਣਾਏ ਗਏ ਹਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਵਧਾਈ।

## ਯਹੂਦੀ ਲੋਕ-ਕਥਾ, ਭਰਾਤਰੀ ਭਾਵ

ਇੱਕ ਵਾਰ ਦੀ ਗੱਲ ਹੈ ਕਿ ਦੋ ਭਰਾ ਇੱਕੋ ਪਹਾੜੀ ਦੇ ਵੱਖ ਵੱਖ ਪਾਸਿਆਂ 'ਤੇ ਰਹਿੰਦੇ ਸਨ। ਉਨ੍ਹਾਂ ਨੂੰ ਆਪਣੇ ਪਿਤਾ ਦੀ ਅੱਧੀ-ਅੱਧੀ ਜ਼ਮੀਨ ਵਿਰਾਸਤ ਵਿੱਚ ਮਿਲੀ ਸੀ। ਇੱਕ ਵਿਆਹਿਆ ਹੋਇਆ ਸੀ ਤੇ ਉਸ ਦੇ ਦੋ ਬੱਚੇ ਸਨ। ਦੂਜੇ ਦਾ ਵਿਆਹ ਨਹੀਂ ਹੋਇਆ ਸੀ ਤੇ ਉਹ ਇਕੱਲਾ ਹੀ ਰਹਿੰਦਾ ਸੀ। ਉਹ ਆਪੋ-ਆਪਣੇ ਖੇਤਾਂ ਵਿੱਚ ਵਾਹੀ ਕਰਦੇ ਸਨ। ਜਦੋਂ ਵਾਢੀ ਦਾ ਸਮਾਂ ਆਇਆ ਤਾਂ ਦੋਵਾਂ ਨੂੰ ਭਰਪੂਰ ਫ਼ਸਲ ਦੀ ਬਰਕਤ ਮਿਲੀ। ਇੱਕ ਰਾਤ ਛੋਟੇ ਭਰਾ ਦੇ ਨੇ ਮਨ ਹੀ ਮਨ ਸੋਚਿਆ. ' ਮੈਂ ਇਕੱਲਾ ਹਾਂ। ਮੈਨੂੰ ਘੱਟ ਅਨਾਜ ਦੀ ਲੋੜ ਹੈ। ਇਸ ਲਈ ਮੇਰੇ ਕੋਲ ਲੋੜ ਤੋਂ ਵੱਧ ਅਨਾਜ ਹੈ। ਮੇਰੇ ਭਰਾ ਦਾ ਪਰਿਵਾਰ ਵੱਡਾ ਹੈ। ਯਕੀਨਨ ਉਸ ਦੀ ਲੋੜ ਮੇਰੇ ਨਾਲੋਂ ਵੱਡੀ ਹੈ'। ਪਹਾੜੀ ਦੇ ਦੂਜੇ ਪਾਸੇ ਵੱਡਾ ਭਰਾ ਮੰਜੇ 'ਤੇ ਪਿਆ ਸੋਚ ਰਿਹਾ ਸੀ, 'ਮੇਰੇ ਬੱਚੇ ਹਨ ਜੋ ਬੁਢਾਪੇ ਵਿੱਚ ਮੇਰੀ ਦੇਖ-ਭਾਲ ਕਰਨਗੇ ਪਰ ਮੇਰੇ ਭਰਾ ਦਾ ਕੋਈ ਨਹੀਂ। ਯਕੀਨਨ ਉਸ ਦੀ ਭਵਿੱਖੀ ਲੋੜ ਮੇਰੇ ਨਾਲੋਂ ਵੱਧ ਹੈ'।

ਉਸ ਰਾਤ ਦੋਵਾਂ ਨੇ ਕਣਕ ਰੱਖਣ ਵਾਲੀ ਆਪੋ-ਆਪਣੀ ਕੋਠੜੀ ਵਿੱਚੋਂ ਇੱਕ-ਇੱਕ ਬੋਰੀ ਚੁੱਕੀ ਅਤੇ ਪਹਾੜੀ ਉੱਤੋਂ ਦੀ ਦੂਜੇ ਪਾਸੇ ਜਾ ਕੇ ਬਿਨਾਂ ਦੱਸਿਆਂ ਦੂਜੇ ਭਰਾ ਦੀ ਕੋਠੜੀ ਵਿੱਚ ਰੱਖ ਦਿੱਤੀ। ਦੂਜੇ ਦਿਨ ਸਵੇਰੇ ਦੋਵੇਂ ਹੈਰਾਨ ਸਨ ਕਿ ਉਨ੍ਹਾਂ ਦੀ ਆਪੋ-ਆਪਣੀ ਕੋਠੜੀ ਵਿੱਚ ਬੋਰੀਆਂ ਪਹਿਲਾਂ ਜਿੰਨੀਆਂ ਹੀ ਸਨ। ਕਈ ਰਾਤਾਂ ਇਹ ਵਟਾਂਦਰਾ ਚੱਲਦਾ ਰਿਹਾ। ਆਖ਼ਰ ਇੱਕ ਰਾਤ ਤਾਰਿਆਂ ਭਰੇ ਆਸਮਾਨ ਹੇਠ ਉਹ ਦੋਵੇਂ ਭਰਾ ਇੱਕ ਦੂਜੇ ਨੂੰ ਮਿਲ ਪਏ। ਦੋਵਾਂ ਨੇ ਕਣਕ ਦੀਆਂ ਬੋਰੀਆਂ ਚੁੱਕੀਆਂ ਹੋਈਆਂ ਸਨ। ਉਸ ਪਲ ਉਨ੍ਹਾਂ ਨੂੰ ਸਮਝ ਆਈ ਕਿ ਉਨ੍ਹਾਂ ਦੀ ਕੋਠੜੀ 'ਚ ਕਣਕ ਕਦੇ ਘੱਟ ਕਿਉਂ ਨਹੀਂ ਸੀ ਹੋਈ। ਦੋਵੇਂ ਇੱਕ ਦੂਜੇ ਨੂੰ ਜੱਫ਼ੀ ਪਾ ਕੇ ਰੋਣ ਲੱਗੇ।

ਇਸੇ ਪਹਾੜੀ ਉੱਤੇ ਭਰਾਵਾਂ ਦੇ ਅਸਾਧਾਰਨ ਪਿਆਰ ਦੀ ਥਾਂ 'ਤੇ ਪਵਿੱਤਰ ਸ਼ਹਿਰ ਯੇਰੂਸ਼ਲਮ ਉਸਾਰਿਆ ਗਿਆ ਹੈ

❊ ❊❊❊ ❊

.......ਸਫ਼ਾ 8 ਦੀ ਬਾਕੀ

ਦੇ ਟਰੱਸਟੀਆਂ ਸ. ਅਮਰਜੀਤ ਸਿੰਘ, ਜਾਇੰਟ ਸਕੱਤਰ ਨੇ 20 ਹਜ਼ਾਰ ਰੁਪਏ, ਡਾ.ਅਜਮੇਰ ਸਿੰਘ ਚੇਅਰਮੈਨ, ਡਾ.ਹਰਚਰਨ ਦਾਸ ਸੈਰ ਉੱਪ-ਪ੍ਰਧਾਨ ਅਤੇ ਸ.ਰਾਮ ਸਿੰਘ ਸੈਣੀ ਸੀਨੀ.ਉੱਪਪ੍ਰਧਾਨ ਨੇ 5-5 ਹਜ਼ਾਰ ਰੁਪਏ ਅਤੇ ਸ.ਰਾਜਿੰਦਰ ਸਿੰਘ ਨੂੰਨਆਂ ਪ੍ਰਧਾਨ ਤੇ ਸ੍ਰੀ ਜਗਦੇਵ ਸਿੰਘ ਖਜਾਨਚੀ ਨੇ 25-25 ਸੌ ਰੁਪਏ ਦਾ ਯੋਗਦਾਨ ਪਾਇਆ।

**ਹੋਣਹਾਰ ਸੈਣੀ ਨੌਜਵਾਨਾਂ ਦਾ ਸਨਮਾਨ ਕੀਤਾ-** ਸੈਣੀ ਭਵਨ ਦੇ ਪ੍ਰਬੰਧਕਾਂ ਨੇ 22 ਜੂਨ, 2026 ਨੂੰ ਸੈਣੀ ਭਵਨ ਵਿਖੇ ਰੋਪੜ ਜ਼ਿਲ੍ਹੇ ਦੇ ਬਰਾਦਰੀ ਦੇ ਦੋ ਨੌਜਵਾਨਾਂ- ਕਰਨ ਸੈਣੀ ਪੁੱਤਰ ਸ਼੍ਰੀ ਕੁਲਵੀਰ ਸਿੰਘ ਅਤੇ ਊਦੇਵੀਰ ਸਿੰਘ ਪੁੱਤਰ ਸ.ਰਨਵੀਰ ਸਿੰਘ ਦਾ ਸਨਮਾਨ ਕੀਤਾ, ਜਿਨ੍ਹਾਂ ਨੇ ਭਾਰਤੀ ਹਵਾਈ ਫੌਜ ਵਿੱਚ ਪਾਇਲਟ ਵਜੋਂ ਅਹੁਦਾ ਹਾਸਲ ਕਰ ਕੇ ਆਪਣੇ ਪਰਿਵਾਰ, ਭਾਈਚਾਰੇ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।



# ਸੈਣੀ ਬਰਾਦਰੀ ਦਾ ਅਣਗੌਲਿਆ ਪੰਥ ਸੇਵਕ

ਅਜਮੇਰ ਸਿੰਘ ਗਹੂਣੀਆਂ
ਕੋਟਲਾ ਨਿਹੰਗ

ਸਿੱਖ ਪੰਥ ਦਾ ਇਤਿਹਾਸ ਦੁਨੀਆਂ ਨਾਲੋਂ ਨਿਵੇਕਲਾ ਹੀ ਹੈ। ਸ਼ਹੀਦ ਅਤੇ ਸ਼ਹਾਦਤ ਸ਼ਬਦਾਂ ਨੂੰ ਵਿਆਪਕਤਾ ਸਿੱਖ ਇਤਿਹਾਸ ਨੇ ਹੀ ਦਿੱਤੀ ਹੈ। ਪੰਥ ਦੀ ਚੜ੍ਹਦੀ ਕਲਾ ਲਈ ਜਿੱਥੇ ਸ਼ਹੀਦਾਂ ਨੇ ਯੋਗਦਾਨ ਪਾਇਆ, ਉੱਥੇ ਸਿਰਲੱਥ ਮਰਜੀਵੜਿਆਂ ਨੇ ਇਸ ਦੀ ਸ਼ਾਨ ਨੂੰ ਚਾਰ ਚੰਦ ਲਾਏ। ਅਜਿਹੇ ਮਰਜੀਵੜਿਆਂ ਵਿੱਚੋਂ ਇਕ ਪ੍ਰਮੁੱਖ ਨਾਂ ਹੈ ਅਣਗੌਲੇ ਸੇਵਕ ਭਾਈ ਗੁਰਸਾ ਸਿੰਘ ਗਹੂੰਣੀਆਂ ਦਾ।

ਭਾਈ ਗੁਰਸਾ ਸਿੰਘ ਗਹੂੰਣੀਆਂ ਇਕ ਸਾਧਾਰਨ ਕਿਰਤੀ ਸੈਣੀ ਸਿੱਖ ਪਰਿਵਾਰ ਵਿੱਚ ਰੋਪੜ ਸ਼ਹਿਰ ਦੇ ਨਜ਼ਦੀਕ ਪਿੰਡ ਕੋਟਲਾ ਨਿਹੰਗ ਵਿਖੇ ਪੈਦਾ ਹੋਏ। ਭਾਵੇਂ ਗੁਰਸਾ ਸਿੰਘ ਜੀ ਦੇ ਜਨਮ ਸਾਲ ਬਾਰੇ ਕੋਈ ਪੱਕਾ ਸਬੂਤ ਤਾਂ ਨਹੀਂ ਮਿਲਦਾ ਪਰ ਅੰਦਾਜ਼ਾ ਹੈ ਕਿ ਆਪ ਦਾ ਜਨਮ 1655 ਈਸਵੀ ਵਿੱਚ ਹੋਇਆ। ਇਨ੍ਹਾਂ ਦੇ ਵਡੇਰੇ ਕਈ ਪੁਸ਼ਤਾਂ ਤੋਂ ਖੇਤੀਬਾੜੀ ਦੇ ਨਾਲ ਨਾਲ ਬੈਲ-ਗੱਡੀਆਂ ਅਤੇ ਰੱਥਾਂ ਰਾਹੀਂ ਮਾਲ ਅਤੇ ਸਵਾਰੀਆਂ ਦੀ ਢੋਅ-ਢੁਆਈ ਦਾ ਕੰਮ ਵੀ ਕਰਦੇ ਸਨ। ਇਸ ਨਾਲ ਉਹ ਇਲਾਕੇ ਦੇ ਧਨਾਢ ਲੋਕਾਂ ਵਿੱਚ ਗਿਣੇ ਜਾਂਦੇ ਸਨ। ਇਸ ਕਾਰਜ ਲਈ ਉਨ੍ਹਾਂ ਨੇ ਗੱਡਿਆਂ ਅਤੇ ਰੱਥਾਂ ਦਾ ਵੱਡਾ ਬੇੜਾ ਬਣਾ ਲਿਆ ਸੀ। ਆਪਣੇ ਇਸ ਪੇਸ਼ੇ ਕਾਰਨ ਗਹੂੰਣੀਆਂ ਪਰਿਵਾਰ ਦੇ ਰੋਪੜ, ਮੋਰਿੰਡਾ, ਬਸੀ ਪਠਾਣਾ, ਸਰਹਿੰਦ ਅਤੇ ਮਲੇਰਕੋਟਲਾ ਦੇ ਪਠਾਣਾਂ ਨਾਲ ਸੁਖਾਵੇਂ ਸਬੰਧ ਬਣ ਗਏ ਸਨ। ਇਸ ਸਦਕਾ ਹੀ ਗਹੂੰਣੀਆਂ ਪਰਿਵਾਰ ਦੇ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਉਸ ਸਮੇਂ ਕੋਟਲਾ ਨਿਹੰਗ ਖਾਂ ਪਰਿਵਾਰ ਦੇ ਮੁਖੀ ਸਮਸ਼ ਖਾਂ ਨਾਲ ਨੇੜਲੇ ਸਬੰਧ ਸਨ।

ਪਰਿਵਾਰਕ ਪ੍ਰੰਪਰਾਵਾਂ ਅਨੁਸਾਰ ਭਾਈ ਗੁਰਸਾ ਸਿੰਘ ਗਹੂੰਣੀਆਂ ਮਸੰਦਾਂ ਅਤੇ ਸੰਗਤਾਂ ਵਲੋਂ ਭੇਟ ਕੀਤੀਆਂ ਵਸਤੂਆਂ ਆਪਣੇ ਗੱਡਿਆਂ ਰਾਹੀਂ ਗੁਰੂ ਸਾਹਿਬ ਜੀ ਨੂੰ ਆਨੰਦਪੁਰ ਵਿਖੇ ਪਹੁੰਚਾਇਆ ਕਰਦੇ ਸਨ। ਇਸ ਨਾਲ ਉਨ੍ਹਾ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਨਜ਼ਦੀਕੀ ਸਬੰਧ ਬਣ ਗਏ ਸਨ। ਸਾਲ 1699 ਦੀ ਵਿਸਾਖੀ ਮੌਕੇ ਭਾਈ ਗੁਰਸਾ ਸਿੰਘ ਨੇ ਗੁਰੂ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤਪਾਨ ਕਰ ਕੇ ਖਾਲਸਾਈ ਰਹਿਤ ਧਾਰਨ ਕਰ ਲਈ। ਗੁਰੂ ਜੀ ਪ੍ਰਤਿ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਦਾ ਜ਼ਿਕਰ ਇਤਿਹਾਸ ਵਿੱਚ ਬਹੁਤ ਘੱਟ ਮਿਲਦਾ ਹੈ ਪਰ ਭਾਈ ਜੀ ਨੂੰ ਗੁਰੂ ਜੀ ਦੇ ਦਰਬਾਰ ਵਿੱਚ ਵੱਡਾ ਮਾਣ ਪ੍ਰਾਪਤ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਪਹਾੜੀ ਰਾਜਿਆਂ ਦੀਆਂ ਗਊ ਤੇ ਗੀਤਾ ਅਤੇ ਮੁਗਲ ਬਾਦਸ਼ਾਹ ਵਲੋ ਕੁਰਾਨ ਸ਼ਰੀਫ਼ ਦੀਆਂ ਕਸਮਾਂ 'ਤੇ ਭਰੋਸਾ ਕਰ ਕੇ ਆਨੰਦਪੁਰ ਸਾਹਿਬ ਛੱਡ ਕੇ ਮਾਲਵੇ ਦੇ ਇਲਾਕੇ ਵੱਲ ਚੱਲ ਪਏ ਤਾਂ ਸ਼ਾਹੀ ਅਤੇ ਪਹਾੜੀ ਫੌਜਾਂ ਨੇ ਕਾਫ਼ਲੇ ਉੱਤੇ ਹਮਲਾ ਕਰ ਦਿੱਤਾ। ਗੁਰੂ ਜੀ ਆਪਣੇ ਕੁੱਝ ਸਿੰਘਾਂ ਸਮੇਤ ਸਰਸਾ ਪਾਰ ਕਰ ਕੇ ਕੋਟਲਾ ਨਿਹੰਗ ਵਿਖੇ ਪਠਾਣ ਨਿਹੰਗ ਖਾਂ ਦੇ ਕਿਲ੍ਹੇ ਵਿੱਚ ਪਹੁੰਚ ਗਏ ਪਰ ਭਾਈ ਬਚਿੱਤਰ ਸਿੰਘ ਮਲਕਪੁਰ ਵਿਖੇ ਰੰਘੜਾਂ ਨਾਲ ਹੋਈ ਝੜਪ ਵਿੱਚ ਸਖਤ ਜ਼ਖਮੀ ਹੋ ਗਏ। ਗੁਰੂ ਜੀ ਨੇ ਆਪਣੇ ਵਿਸ਼ਵਾਸਪਾਤਰ ਸੇਵਕ ਗੁਰਸਾ ਸਿੰਘ ਗਹੂੰਣੀਆਂ ਰਾਹੀਂ ਜ਼ਖਮੀ ਬਚਿੱਤਰ ਸਿੰਘ ਨੂੰ ਕੋਟਲਾ ਨਿਹੰਗ ਵਿਖੇ ਪਹੁੰਚਾਉਣ ਦਾ ਸੰਦੇਸ਼ ਦਿੱਤਾ। ਭਾਈ ਬਚਿੱਤਰ ਸਿੰਘ ਨੂੰ ਸੇਵਾ ਸੰਭਾਲ ਲਈ ਪਠਾਣ ਨਿਹੰਗ ਖਾਂ ਪਾਸ ਛੱਡ ਕੇ ਗੁਰੂ ਜੀ ਚਮਕੌਰ ਸਾਹਿਬ ਵੱਲ ਚਲੇ ਗਏ। ਪਰ ਨਿਹੰਗ ਖਾਂ ਅਤੇ ਉਸ ਦੀ ਪੁੱਤਰੀ ਮੁਮਤਾਜ਼ ਦੀ ਸੰਭਾਲ ਦੇ ਬਾਵਜੂਦ ਜਲਦੀ ਹੀ ਭਾਈ ਸਾਹਿਬ ਸਰੀਰ ਛੱਡ ਗਏ। ਭਿਆਨਕ ਜੰਗੀ ਹਾਲਾਤਾਂ ਅਤੇ ਚੌਗਿਰਦੇ ਵਿੱਚ ਫੈਲੇ ਸਿੱਖ ਦੁਸ਼ਮਣਾਂ ਤੋਂ ਸਾਵਧਾਨੀ ਵਰਤਦਿਆਂ ਨਿਹੰਗ ਖਾਂ ਨੇ ਆਪਣੇ ਨਿਜੀ ਮਿੱਤਰ ਅਤੇ ਗੁਰੂ ਸਾਹਿਬ ਦੇ ਵਿਸ਼ਵਾਸਪਾਤਰ ਭਾਈ ਗੁਰਸਾ ਸਿੰਘ ਗਹੂੰਣੀਆਂ ਨੂੰ ਬੁਲਾਇਆ ਜਿਸ ਨੇ ਕਿਲ੍ਹੇ ਦੇ ਅੰਦਰ ਹੀ ਪੂਰੀ ਗੁਰ ਮਰਿਯਾਦਾ ਨਾਲ ਭਾਈ ਬਚਿੱਤਰ ਸਿੰਘ ਜੀ ਦਾ ਸੰਸਕਾਰ ਕਰ ਦਿੱਤਾ। ਉਨ੍ਹਾਂ ਦਹਿਸ਼ਤੀ ਸਮਿਆਂ ਵਿੱਚ ਇਹ ਕੋਈ ਆਸਾਨ ਕੰਮ ਨਹੀਂ ਸੀ।

ਇਸ ਘਟਨਾ ਤੋਂ ਜਲਦੀ ਬਾਅਦ ਚਮਕੌਰ ਸਾਹਿਬ ਦੀ ਜੰਗ ਵਿੱਚ ਜ਼ਖ਼ਮੀ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਪਾਲਕ ਪੁੱਤਰ ਭਾਈ ਜ਼ੋਰਾਵਰ ਸਿੰਘ ਜੀ ਕਿਸੇ ਤਰ੍ਹਾਂ ਆਪਣੇ ਰਿਸ਼ਤੇਦਾਰ ਭਾਈ ਬੱਗਾ ਸਿੰਘ ਤਰਖਾਣ ਰਾਹੀਂ ਭਾਈ ਗੁਰਸਾ ਸਿੰਘ ਗਹੂੰਣੀਆਂ ਜੀ ਦੇ ਘਰ ਕੋਟਲਾ ਨਿਹੰਗ ਪਹੁੰਚ ਗਏ। ਭਾਈ ਗੁਰਸਾ ਸਿੰਘ ਜੀ ਨੇ ਉਨ੍ਹਾਂ ਨੂੰ ਆਪਣੇ ਘਰ ਵਿੱਚ ਰੱਖ ਕੇ ਉਨ੍ਹਾਂ ਦਾ ਇਲਾਜ ਕਰਵਾਇਆ ਅਤੇ ਤੰਦਰੁਸਤ ਹੋ ਜਾਣ 'ਤੇ ਉਨ੍ਹਾਂ ਦੀ ਇੱਛਾ ਅਨੁਸਾਰ ਭਾਈ ਜ਼ੋਰਾਵਰ ਸਿੰਘ ਜੀ ਦੀ ਭੂਆ ਮਾਈ ਰੂਪਾਂ ਦੇ ਘਰ ਪਿੰਡ ਡਡਹੇੜੀ ਨੇੜੇ ਬਸੀ ਪਠਾਣਾ ਛੱਡ ਕੇ ਆਏ।

ਭਾਈ ਬਚਿੱਤਰ ਸਿੰਘ ਜੀ ਦੇ ਅਕਾਲ ਚਲਾਣੇ ਬਾਅਦ ਬੀਬੀ ਮੁਮਤਾਜ਼ ਨੇ ਭਾਈ ਸਾਹਿਬ ਨੂੰ ਆਪਣਾ ਪਤੀ ਮੰਨ ਕੇ ਕਿਸੇ ਹੋਰ ਨਾਲ ਨਿਕਾਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਉਹ ਹਰ ਸਮੇਂ ਗੁਰੂ ਗੋਬਿੰਦ ਸਿੰਘ ਅਤੇ ਭਾਈ ਬਚਿੱਤਰ ਸਿੰਘ ਦੀਆਂ ਆਨੰਦਪੁਰ ਸਾਹਿਬ ਦੀਆਂ ਕਹਾਣੀਆਂ ਸੁਣਨ ਦੀ ਹੀ ਜ਼ਿਦ ਕਰਦੀ। ਇਸ ਕੰਮ ਪਠਾਣ ਨਿਹੰਗ ਖਾਂ ਜੀ ਦੇ ਕਹਿਣ 'ਤੇ ਭਾਈ ਗੁਰਸਾ ਸਿੰਘ ਹੀ ਕਰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ ਵਿਖੇ ਆਪਣਾ ਟਿਕਾਣਾ ਬਣਾ ਲਿਆ ਤਾਂ ਭਾਈ ਗੁਰਸਾ ਸਿੰਘ ਜੀ ਨੇ ਉਨ੍ਹਾਂ ਦੀ ਸੇਵਾ ਵਿੱਚ ਜਾਣ ਦਾ ਕਈ ਵਾਰ ਫੈਸਲਾ ਕੀਤਾ। ਪਰ ਹਰ ਵਾਰ ਚੌਧਰੀ ਨਿਹੰਗ ਖਾਂ ਅਤੇ ਬੀਬੀ ਮੁਮਤਾਜ਼ ਨੇ ਵਾਸਤੇ ਪਾ ਕੇ ਵਰਜ ਦਿੱਤਾ। ਪਰ 1709 ਈ. ਵਿੱਚ ਪੰਥ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਸ ਸੰਦੇਸ਼ਵਾਹਕ ਦੀਵਾਨ ਦਰਬਾਰਾ ਸਿੰਘ ਰਾਹੀ ਗੁਰੂ ਗੋਬਿੰਦ

ਸਿੰਘ ਜੀ ਦਾ ਹੁਕਮਨਾਮਾ ਮਿਲਣ ਸਾਰ ਹੀ ਭਾਈ ਗੁਰਸਾ ਸਿੰਘ ਨੇ ਘਰਬਾਰ ਪੱਕੇ ਤੌਰ 'ਤੇ ਤਿਆਗ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਭਾਈ ਜਮਾਲਾ ਸਿੰਘ ਨਨੂੰਆਂ ਦੇ ਸਪੁੱਤਰ ਦੀਵਾਨ ਦਰਬਾਰਾ ਸਿੰਘ ਜੀ ਦੇ ਅਬਚਲ ਨਗਰ ਹਜ਼ੂਰ ਸਾਹਿਬ ਨਾਂਦੇੜ ਤੋਂ ਵਾਪਸ ਆਉਣ ਨਾਲ ਪੁਆਧ ਇਲਾਕੇ ਦੇ ਸਿੱਖਾਂ ਅੰਦਰ ਬਦਲੇ ਅਤੇ ਸ਼ਹਾਦਤਾਂ ਲਈ ਇੱਕ ਨਵਾਂ ਚਾਓ ਅਤੇ ਜੋਸ਼ ਪੈਦਾ ਹੋ ਗਿਆ। ਭਾਈ ਗੁਰਸਾ ਸਿੰਘ ਗਹੂੰਣੀਆਂ ਅਤੇ ਦੀਵਾਨ ਦਰਬਾਰਾ ਸਿੰਘ ਪੂਰੇ ਪੁਆਧ ਇਲਾਕੇ ਵਿੱਚ ਪਿੰਡ ਪਿੰਡ ਘਰ ਘਰ ਜਾ ਕੇ ਆਪਣੇ ਨਜ਼ਦੀਕੀਆਂ ਅਤੇ ਜਾਣੂੰਆਂ ਨੂੰ ਧਰਮਯੁੱਧ ਲਈ ਤਿਆਰ ਕਰਨ ਲਗ ਪਏ। ਅੰਤ 1710 ਈਸਵੀ ਦੇ ਮਾਰਚ ਮਹੀਨੇ ਇਹ ਦੋਵੇਂ ਯੋਧੇ ਪੁਆਧੀ ਸਿੱਖਾਂ ਦਾ ਇੱਕ ਵੱਡਾ ਜਥਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸੈਨਾ ਵਿੱਚ ਸ਼ਾਮਲ ਹੋ ਗਏ। ਚੱਪੜਚਿੜੀ ਦੇ ਮੈਦਾਨ ਵਿੱਚ ਸੂਬਾ ਸਰਹਿੰਦ ਦੀ ਅਗਵਾਈ ਵਾਲੀਆਂ ਮੁਗਲ ਤੇ ਪਠਾਣਾਂ ਦੀਆਂ ਸਾਂਝੀਆਂ ਸੈਨਾਵਾਂ ਖ਼ਿਲਾਫ਼ ਜੂਝਦੇ ਹੋਏ ਭਾਈ ਗੁਰਸਾ ਸਿੰਘ ਗਹੂੰਣੀਆਂ 12 ਮਈ,1710 ਨੂੰ ਆਪਣੀ ਸ਼ਹਾਦਤ ਦੇ ਕੇ ਸਰਹਿੰਦ ਫ਼ਤਹਿ ਸੁਨਿਸ਼ਚਿਤ ਕਰ ਗਏ।

ਭਾਈ ਗੁਰਸਾ ਸਿੰਘ ਗਹੂੰਣੀਆਂ ਜੀ ਦੇ ਕੁੱਝ ਵਾਰਸ ਇਸ ਸਮੇਂ ਪਿੰਡ ਕੋਟਲਾ ਨਿਹੰਗ ਵਿਖੇ ਰਹਿੰਦੇ ਹਨ। ਇਨ੍ਹਾਂ ਵਿੱਚ ਸ.ਤੇਜਾ ਸਿੰਘ ਗਹੂੰਣੀਆਂ, ਸ.ਸੁਰਜੀਤ ਸਿੰਘ ਗਹੂੰਣੀਆਂ, ਅਮ੍ਰਿਤਪਾਲ ਸਿੰਘ ਗਹੂੰਣੀਆਂ, ਸ.ਅਮਰਜੀਤ ਸਿੰਘ ਗਹੂੰਣੀਆਂ, ਸ, ਚਰਨਜੀਤ ਸਿੰਘ ਗਹੂੰਣੀਆਂ ਅਤੇ ਸ.ਅਮਰਜੀਤ ਸਿੰਘ ਭਾਨਾ ਗਹੂੰਣੀਆਂ ਪ੍ਰਮੁੱਖ ਹਨ। ਆਪਣੇ ਇਸ ਬਹਾਦਰ ਪੰਥ ਸੇਵਕ ਦੀ ਯਾਦ ਨੂੰ ਕਾਇਮ ਰੱਖਣ ਲਈ ਹਰ ਸਾਲ ਪਿੰਡ ਵਾਸੀ ਮਿਲ ਕੇ ਧਾਰਮਿਕ ਸਮਾਗਮ ਕਰਵਾਉਂਦੇ ਹਨ। ਸਾਰੀ ਸੈਣੀ ਬਰਾਦਰੀ ਨੂੰ ਭਾਈ ਗੁਰਸਾ ਸਿੰਘ ਗਹੂੰਣੀਆਂ ਦੀ ਬਹਾਦਰੀ 'ਤੇ ਮਾਣ ਹੈ।

## ਵਧਾਈਆਂ

**ਸ਼੍ਰੀਮਤੀ ਸਤਿੰਦਰ ਕੌਰ** ਪਤਨੀ ਸ. ਪਰਮਿੰਦਰ ਸਿੰਘ ਬਾਲਾ ਵਾਸੀ ਪਿੰਡ ਚੰਦਪੁਰ ਜ਼ੋਨ ਮੀਆਂਪੁਰ, ਜ਼ਿਲ੍ਹਾ ਪਰਿਸ਼ਦ ਰੂਪਨਗਰ ਦੇ ਚੇਅਰਪਰਸਨ ਨਿਯੁਕਤ ਹੋਏ ਹਨ।

**ਸ਼੍ਰੀ ਦੇਸ ਰਾਜ** ਪੁੱਤਰ ਸ਼੍ਰੀ ਕਰਮ ਚੰਦ ਵਾਸੀ ਸੈਣੀ ਮਾਜਰਾ (ਨੂਰਪੁਰ ਬੇਦੀ) ਜ਼ਿਲ੍ਹਾ ਪਰਿਸ਼ਦ ਮੈਂਬਰ ਜ਼ੋਨ ਤਖਤਗੜ੍ਹ ਜ਼ਿਲ੍ਹਾ ਪਰਿਸ਼ਦ ਰੂਪਨਗਰ ਦੇ ਉੱਪਚੇਅਰਮੈਨ ਨਿਯੁਕਤ ਹੋਏ ਹਨ।

**ਸ.ਅੰਮ੍ਰਿਤਪਾਲ ਸਿੰਘ** ਪੁੱਤਰ ਸ.ਮਨਜੀਤ ਸਿੰਘ ਵਾਸੀ ਫੂਲ ਖੁਰਦ ਜ਼ਿਲ੍ਹਾ ਰੂਪਨਗਰ, ਪੰਜਾਬ ਸੈਣੀ ਭਲਾਈ ਬੋਰਡ ਵਿੱਚ ਜ਼ਿਲ੍ਹਾ ਚੇਅਰਮੈਨ ਨਿਯੁਕਤ ਹੋਏ ਹਨ।

**ਸ.ਸੰਤੋਖ ਸਿੰਘ** ਮਾਲਕ ਸ਼ਿਵਾਲਕ ਹੋਟਲ ਬਲਾਚੌਰ ਪੰਜਾਬ ਸੈਣੀ ਸੈਣੀ ਭਲਾਈ ਵਿੱਚ ਜ਼ਿਲ੍ਹਾ ਨਵਾਂਸ਼ਹਿਰ ਦੇ ਚੇਅਰਮੈਨ ਨਿਯੁਕਤ ਹੋਏ ਹਨ।

## ਪੰਜਾਬ ਵਿੱਚ ਨਵੇਂ ਚੁਣੇ ਗਏ ਸੈਣੀ ਮਿਊਂਸੀਪਲ ਕੌਂਸਲਰ



**1. ਸ.ਅੰਮ੍ਰਿਤਪਾਲ ਸਿੰਘ**
ਪੁੱਤਰ ਸਵ.ਉਜਾਗਰ ਸਿੰਘ
ਵਾਸੀ ਗੁਰੂ ਨਗਰ ਰੂਪਨਗਰ।



**2. ਸ. ਗੁਰਵਿੰਦਰ ਸਿੰਘ'ਬਾਵਾ'**
ਪੁੱਤਰ ਸਵ.ਅਜਮੇਰ ਸਿੰਘ
ਸੁਖਰਾਮਪੁਰ ਟੱਪਰੀਆਂ, ਰੂਪਨਗਰ।



**3. ਸ. ਸੁਖਵਿੰਦਰ ਸਿੰਘ ਪਟਵਾਰੀ**
ਪੁੱਤਰ ਸ.ਹਜ਼ਾਰਾ ਸਿੰਘ
ਵਾਸੀ ਜੁਝਾਰ ਸਿੰਘ ਨਗਰ, ਰੂਪਨਗਰ।



**4. ਸ਼੍ਰੀਮਤੀਂ ਜਸਬੀਰ ਕੌਰ**
ਪਤਨੀ ਸ.ਕਰਤਾਰ ਸਿੰਘ,
ਵਾਸੀ ਮੁਹੱਲਾ ਸ਼ੇਖਾਂ ਰੂਪਨਗਰ



**5. ਸ਼੍ਰੀਮਤੀ ਸੁਰਜੀਤ ਕੌਰ**
C/O ਸ਼੍ਰੀ ਬਨਵਾਰੀ ਲਾਲ.
ਵਾਸੀ ਵਾਰਡ ਨੰ. 16, ਰੂਪਨਗਰ



**6. ਸ. ਅਵਤਾਰ ਸਿੰਘ ਪੁੱਤਰ**
ਸ. ਲਛਮਣ ਸਿੰਘ,
ਵਾਸੀ- ਹਵੇਲੀ ਕਲਾਂ, ਰੂਪਨਗਰ



**7. ਸ਼੍ਰੀਮਤੀ ਸੋਨੀਆਂ ਸੈਣੀ**
ਪਤਨੀ ਸ਼੍ਰੀ ਕਰਨੈਲ ਸਿੰਘ,
ਨੰਗਲ ਟਾਊਨਸ਼ਿਪ, ਜ਼ਿਲ੍ਹਾ-ਰੂਪਨਗਰ,



**8. ਸ਼੍ਰੀ ਵਿਨੋਦ ਸੈਣੀ**
ਪੁੱਤਰ ਸਵ. ਵਿਜੈ ਕੁਮਾਰ
ਵਾਸੀ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ



**9. ਸ਼੍ਰੀਮਤੀ ਸਤਵਿੰਦਰ ਕੌਰ**
ਪਤਨੀ ਸ.ਪਵਿੱਤਰ ਸਿੰਘ
ਚਮਕੌਰ ਸਾਹਿਬ, ਜ਼ਿਲ੍ਹਾ-ਰੂਪਨਗਰ।



**10. ਸ. ਜਗਤਾਰ ਸਿੰਘ**
ਪੁੱਤਰ ਸ੍ਰੀ ਰਾਮ ਭਗਵਾਲਾ
ਕੀਰਤਪੁਰ ਸਾਹਿਬ, ਜ਼ਿਲ੍ਹਾ-ਰੂਪਨਗਰ।



**11. ਸ. ਹਰਬਿੰਦਰ ਸਿੰਘ**
ਪੁੱਤਰ ਸ. ਜਗਜੀਤ ਸਿੰਘ,
#573 ਵਾਸੀ-ਫੇਜ਼-1 ਮੋਹਾਲੀ।



**12.ਸ਼੍ਰੀਮਤੀ ਗੁਰਮੀਤ ਕੌਰ**
ਪਤਨੀ ਸ. ਹਰਬਿੰਦਰ ਸਿੰਘ
ਵਾਸੀ ਫੇਜ਼-1, ਮੋਹਾਲੀ।

ਬਾਕੀ ਸਫਾ 14 'ਤੇ.......

ਕਹਾਣੀ

## ਖਾਮੋਸ਼ ਪੀੜ

ਮਨਜੀਤ ਕੌਰ ਅੰਬਾਲਵੀ



ਕਈ ਦਿਨਾਂ ਤੋਂ ਬੀਮਾਰ ਸਰੁਚੀ ਦਿਨੋ-ਦਿਨ ਨਿੱਘਰਦੀ ਜਾ ਰਹੀ ਸੀ। ਉਸ ਦਾ ਚਿਹਰਾ ਜੋ ਕਦੇ ਗੁਲਾਬ ਦੇ ਫੁੱਲ ਵਾਂਗ ਖਿੜਿਆ ਰਹਿੰਦਾ ਸੀ, ਹੁਣ ਹਲਦੀ ਵਰਗਾ ਪੀਲਾ ਜ਼ਰਦ ਹੋ ਗਿਆ ਸੀ। ਕਈ ਦਿਨਾਂ ਤੋਂ ਸਰੁਚੀ ਦੇ ਢਿੱਡ ਵਿੱਚ ਹਲਕੀ ਹਲਕੀ ਪੀੜ ਹੋ ਰਹੀ ਸੀ।

ਦੁਪਹਿਰਾਂ ਢਲ ਗਈਆਂ ਸਨ। ਸਰੁਚੀ ਗੁਲਾਬ ਦੇ ਫੁੱਲਾਂ ਦੀਆਂ ਕਿਆਰੀਆਂ ਕੋਲ ਆਪਣੀ ਮੰਜੀ 'ਤੇ ਜਾ ਲੇਟੀ। ਪਿਛਲੀਆਂ ਸੋਚਾਂ ਨੇ ਉਸ ਨੂੰ ਆ ਘੇਰਿਆ। ਉਸ ਰਾਤ, ਜਦੋਂ ਉਹ ਲਾੜੀ ਬਣੀ ਫੁੱਲਾਂ ਦੀ ਮਹਿਕਦੀ ਸੇਜ 'ਤੇ ਬੈਠੀ ਸੀ ਅਤੇ ਉਸ ਦੇ ਪਤੀ ਨੇ ਉਸ ਦਾ ਘੁੰਡ ਚੁੱਕਦਿਆਂ ਕਿਹਾ ਸੀ, " ਵਾਹ! ਵਾਹ! ਸਵਰਗ ਦੀ ਅਪਸਰਾ ਅੱਜ ਧਰਤੀ 'ਤੇ ਉੱਤਰੀ ਜਾਪਦੀ ਹੈ।.......'' ਫਿਰ ਯਾਦ ਆਇਆ ਉਸ ਨੂੰ ਉਹ ਦਿਨ ਜਦੋਂ ਉਹ ਇੱਕ ਸਾਲ ਬਾਅਦ ਇੱਕ ਬੇਟੇ ਦੀ ਮਾਂ ਬਣੀ ਸੀ। ਉਸ ਦੇ ਪਤੀ ਮਨੋਰਮ ਦੇ ਪੈਰ ਧਰਤ 'ਤੇ ਨਹੀਂ ਟਿਕ ਰਹੇ ਸਨ। ਉਨ੍ਹਾਂ ਦੇ ਘਰ ਚਾਰ ਸਾਲ ਬਾਅਦ ਇੱਕ ਹੋਰ ਬੇਟਾ ਤੇ ਦੋ ਸਾਲ ਬਾਅਦ ਬੇਟੀ ਹੋਈ। ਮਨੋਰਮ ਬੈਂਕ ਵਿੱਚ ਮੁਲਾਜ਼ਮ ਸੀ ਅਤੇ ਹਰ ਰੋਜ਼ 5.30 ਵਜੇ ਤੱਕ ਘਰ ਪਹੁੰਚ ਜਾਂਦਾ ਸੀ। ਮਨੋਰਮ ਦਾ ਘਰ ਹੁਣ ਭਰਿਆ ਪੂਰਿਆ ਸੀ, ਫੁਲਵਾੜੀ ਵਾਂਗ ਮਹਿਕਿਆ ਘਰ।

ਫਿਰ ਇੱਕ ਦਿਨ ਅਚਾਨਕ ਸਰੁਚੀ ਦੀ ਨਜ਼ਰ ਸਾਹਮਣੇ ਗੇਟ 'ਤੇ ਖੜ੍ਹੇ ਬੰਦੇ 'ਤੇ ਪਈ। ਉਹ ਉਸ ਨੂੰ ਅੰਦਰ ਲਿਆਈ ਤਾਂ ਮਨੋਰਮ ਉਸ ਦੇ ਗਲ ਲੱਗ ਕੇ ਮਿਲਿਆ। ਖਾਣੇ ਦੀ ਮੇਜ਼ 'ਤੇ ਬੈਠੇ ਉਹ ਸਾਰੀਆਂ ਅਗਲੀਆਂ-ਪਿਛਲੀਆਂ ਗੱਲਾਂ ਕਰਦੇ ਰਹੇ। ਫਿਰ ਨਰੋਤਮ ਦਾ ਉਨ੍ਹਾਂ ਦੇ ਘਰ ਆਉਣਾ-ਜਾਣਾ ਵਧ ਗਿਆ। ਹਰ ਰੋਜ਼ ਉਨ੍ਹਾਂ ਦੇ ਘਰ ਮਹਿਫਲ ਜੰਮਦੀ। ਮਨੋਰਮ ਦਾ ਧਿਆਨ ਹੌਲੀ ਹੌਲੀ ਸਰੁਚੀ ਵਲੋਂ ਹਟ ਕੇ ਨਰੋਤਮ ਵੱਲ ਵਧਣਾ ਸ਼ੁਰੂ ਹੋ ਗਿਆ। ਇਸ ਨਾਲ ਘਰ ਵਿੱਚ ਕਲੇਸ਼ ਹੋਣ ਲੱਗਾ। ਜੋ ਘਰ ਪਹਿਲਾਂ ਜੰਨਤ ਸੀ, ਹੁਣ ਨਰਕ ਬਣ ਗਿਆ। ਮਨੋਰਮ ਲਈ ਹੁਣ ਨਰੋਤਮ ਸੀ ਜਾਂ ਸ਼ਰਾਬ। ਉਸ ਨੂੰ ਚੜ੍ਹੇ-ਉੱਤਰੇ ਦੀ ਕੋਈ ਪ੍ਰਵਾਹ ਨਹੀਂ ਸੀ।

ਫਿਰ ਸਰੁਚੀ ਦੀ ਤਬੀਅਤ ਖ਼ਰਾਬ ਰਹਿਣ ਲੱਗੀ। ਡਾਕਟਰ ਸੋਬਤੀ ਨੇ ਉਸ ਨੂੰ ਕਿਹਾ, "ਆਪਣੇ ਪਤੀ ਨੂੰ ਕਹਿਣਾ, ਉਹ ਸ਼ਰਾਬ ਤੋਂ ਦੂਰ ਹੀ ਰਹਿਣ, ਨਹੀਂ ਤਾਂ...'' ਜਦੋਂ ਸਰੁਚੀ ਨੇ ਇਹ ਗੱਲ ਆਪਣੇ ਪਤੀ ਨੂੰ ਦੱਸੀ ਤਾਂ ਉਹ ਗੁੱਸੇ ਵਿੱਚ ਬੋਲਿਆ, "ਤੈਨੂੰ ਕੀ ਪਤਾ ਏ! ਬੰਦੇ ਖਾਂਦੇ-ਪੀਂਦੇ ਹੀ ਚੰਗੇ ਲਗਦੇ ਆ। ਐਵੇਂ ਨਾ ਬਕ ਬਕ ਕਰਿਆ ਕਰ। ਤੇਰੀ ਟੈਂ ਟੈਂ ਨੀ ਮੈਂ ਸੁਣਨੀ। ਦੋਸਤਾਂ-ਮਿੱਤਰਾਂ ਦੀ ਕੰਪਨੀ ਤਾਂ ਕਰਨੀ ਹੀ ਪੈਂਦੀ ਹੈ। ਤੇਰੀ ਆਪਣੀ ਥਾਂ ਤੇ ਦੋਸਤਾਂ ਦੀ ਆਪਣੀ। ਖ਼ਬਰਦਾਰ ਆਪਣੀ ਔਕਾਤ ਭੁੱਲੀ ਤਾਂ.....''। ਉਸ ਦਿਨ ਤੋਂ ਸਰੁਚੀ ਟੁੱਟ ਚੁੱਕੀ ਸੀ। ਉਹ ਖ਼ਾਮੋਸ਼ ਹੋ ਗਈ ਸੀ।

ਇੱਕ ਦਿਨ ਕਈ ਦਿਨਾਂ ਦੇ ਵਕਫ਼ੇ ਤੋਂ ਬਾਅਦ ਨਰੋਤਮ ਉਨ੍ਹਾਂ ਦੇ ਘਰ ਆਇਆ। ਸਰੁਚੀ ਕਾਫ਼ੀ ਦੇ ਕੱਪ ਲੈ ਕੇ ਅੰਦਰ ਗਈ ਤਾਂ ਉਸ ਨੂੰ ਚੱਕਰ ਆ ਗਿਆ। ਉਹ ਮਸਾਂ ਹੀ ਦੀਵਾਰ ਦਾ ਸਹਾਰਾ ਲੈ ਕੇ ਕਮਰੇ ਤੋਂ ਬਾਹਰ ਆਈ। ਮਨੋਰਮ ਤੇ ਨਰੋਤਮ ਦੋਵੇਂ ਕਾਹਲੀ ਨਾਲ ਬਾਹਰ ਨਿਕਲ ਗਏ। ਸਰੁਚੀ ਨੇ ਰਸੋਈ ਵਿੱਚ ਜਾ ਕੇ ਹੌਲੀ ਹੌਲੀ ਖਾਣਾ ਬਣਾਇਆ। ਆਪਣੇ ਬੇਟੇ ਅੰਮ੍ਰਿਤ ਨੂੰ ਖਾਣਾ ਖਾਣ ਲਈ ਆਵਾਜ ਮਾਰਦਿਆਂ ਹੀ ਉਹ ਬੇਹੋਸ਼ ਹੋ ਗਈ। ਅੰਮ੍ਰਿਤ, ਮੰਮੀ ਦੀ ਹਾਲਤ ਦੇਖ ਕੇ ਚੀਕਿਆ, "ਮੰਮੀ !ਮੰਮੀ ਉੱਠੋ, ਮੰਮੀ ਇਹ ਕੀ ਹੋ ਗਿਆ''।

ਸਰੁਚੀ ਨੂੰ ਪੜੌਸੀ ਦੀ ਕਾਰ ਵਿੱਚ ਪਾ ਕੇ ਡਾਕਟਰ ਸੋਬਤੀ ਰੰਜਨ ਦੇ ਨਰਸਿੰਗ ਹੋਮ ਲਿਆਂਦਾ ਗਿਆ। ਪੂਰਾ ਮੁਆਇਨਾ ਕਰਨ ਤੋਂ ਬਾਅਦ ਡਾਕਟਰ ਨੇ ਸਰੁਚੀ ਦੇ ਪਤੀ ਨੂੰ ਬੁਲਾਉਣ ਲਈ ਕਿਹਾ। ਪਰ ਅੰਮ੍ਰਿਤ ਨੇ ਗੱਲ ਨੂੰ ਸੰਭਾਲਦਿਆਂ ਕਿਹਾ,'' ਡਾਕਟਰ ਸਾਹਿਬ! ਪਾਪਾ ਕਿਸੇ ਕੰਮ ਬਾਹਰ ਗਏ ਨੇ। ਮੈਨੂੰ ਦੱਸੋ ਜੋ ਵੀ ਗੱਲ ਹੈ, ਮੈਂ ਆਪੇ ਸੰਭਾਲ ਲਵਾਂਗਾ''।

ਡਾਕਟਰ ਨੇ ਅੰਮ੍ਰਿਤ ਨੂੰ ਦੱਸਿਆ,'' ਬੇਟਾ, ਤੇਰੇ ਮੰਮੀ ਦੀ ਹਾਲਤ ਬੜੀ ਨਾਜ਼ੁਕ ਹੈ। ਮੈਂ ਇਨ੍ਹਾਂ ਨੂੰ ਬਹੁਤ ਪਹਿਲਾਂ ਚੇਤਾਵਨੀ ਦਿੱਤੀ ਸੀ। ਪਰ ਪਤਾ ਨਹੀਂ .....।'' ਡਾਕਟਰ ਗੱਲ ਪੂਰੀ ਕੀਤੇ ਬਗੈਰ ਹੀ ਚੁੱਪ ਹੋ ਗਈ।

" ਅੰਮ੍ਰਿਤ, ਆਪਣੀ ਮੰਮੀ ਲਈ ਖ਼ੂਨ ਦਾ ਪ੍ਰਬੰਧ ਕਰੋ। ਇਨ੍ਹਾਂ ਵਿੱਚ ਖ਼ੂਨ ਬਹੁਤ ਘੱਟ ਹੈ''। ਇਹ ਕਹਿੰਦਿਆਂ ਡਾਕਟਰ ਦੂਜੇ ਕਮਰੇ ਵੱਲ ਚਲੇ ਗਈ।

ਸਰੁਚੀ ਪੂਰੀ ਰਾਤ ਬੈੱਡ 'ਤੇ ਪਈ ਤੜਪਦੀ ਰਹੀ। ਉਸ ਦਾ ਅੰਗ ਅੰਗ ਦਰਦ ਨਾਲ ਵਿੰਨ੍ਹਿਆਂ ਪਿਆ ਸੀ। ਉਸ ਦੀਆਂ ਅੱਖਾਂ ਰੇਤੀਲੇ ਮਾਰੂਥਲ ਵਾਂਗ ਵੀਰਾਨ ਸਨ। ਬਸ ਕੰਧ ਨਾਲ ਟਿਕਟਿਕੀ ਲਗਾਈ ਉਹ ਚੁੱਪ-ਚਾਪ ਵੇਖ ਰਹੀ ਸੀ। ਉਸ ਦੀ ਜ਼ੁਬਾਨ ਬੰਦ ਸੀ। ਹੱਥ ਪੈਰ ਵੀ ਜਿਵੇਂ ਸੁੰਨ ਹੋ ਕੇ ਰਹਿ ਗਏ ਸਨ। ਜ਼ਿੰਦਗੀ ਤੇ ਮੌਤ ਦੇ ਚੌਰਾਹੇ 'ਤੇ ਖੜ੍ਹੀ ਉਹ ਬੇਜ਼ੁਬਾਨ ਪੱਥਰ ਦੀ ਮੂਰਤ ਸੀ।

'ਰਾਜਹੰਸ' ਕਲੱਬ ਵਿੱਚ ਸੰਗੀਤ ਦੀਆਂ ਧੁਨਾਂ ਗੂੰਜ ਰਹੀਆਂ ਸਨ। ਮਨੋਰਮ ਦੇ ਲੜਖੜਾਉਂਦੇ ਪੈਰ ਸੰਗੀਤ ਦੀਆਂ ਧੁਨਾਂ 'ਤੇ ਥਿੜਕ ਰਹੇ ਸਨ। ਇੱਕ ਦੂਜੇ ਦੀਆਂ ਕਮਰਾਂ ਦੁਆਲੇ ਬਾਹਾਂ ਪਾਈ ਜ਼ਿੰਦਗੀ ਦਾ ਰਸ ਮਾਣਦੀਆਂ ਜਵਾਨੀਆਂ....ਆਪਣੇ ਆਪੇ ਤੋਂ ਬੇਖ਼ਬਰ, ਦੁਨੀਆਂ ਤੋਂ ਬੇਖ਼ਬਰ....ਥਿਰਕ ਰਹੀਆਂ ਸਨ।

ਰਾਤ ਦਾ ਇੱਕ ਵੱਜ ਗਿਆ ਸੀ। ਦੋਵੇਂ ਬੇਟੇ ਆਪਣੇ ਬਾਪ ਦੀ ਉਡੀਕ ਕਰ ਰਹੇ ਸਨ। ਉਹ ਬੇਬਸ ਪਰਿੰਦਿਆਂ ਵਾਂਗ

ਆਪਣੀ ਮਾਂ ਦੀ ਗੋਦ ਵਿੱਚ ਛੁਪ ਜਾਣਾ ਚਾਹੁੰਦੇ ਸਨ।

ਰਾਤ ਆਪਣਾ ਪੈਂਡਾ ਮੁਕਾ ਕੇ ਆਖ਼ਰ ਮੁੱਕ ਗਈ। ਸੂਰਜ ਦੀਆਂ ਸੁਨਹਿਰੀ ਕਿਰਨਾਂ ਆ ਕੇ ਧਰਤੀ ਦਾ ਮੂੰਹ ਚੁੰਮਣ ਲੱਗੀਆਂ। ਜਿਉਂ ਹੀ ਠੰਢੀਆਂ ਪੌਣਾਂ ਨੇ ਜ਼ਿੰਦਗੀ ਨੂੰ ਦਸਤਕ ਦਿੱਤੀ, ਸਰੁਚੀ ਦੇ ਲਈ ਮੌਤ ਦਾ ਬੂਹਾ ਖੁਲ੍ਹ ਗਿਆ। ਉਸ ਦੇ ਸਾਹਾਂ ਦੀ ਡੋਰ ਤੜਕ ਕਰ ਕੇ ਟੁੱਟ ਗਈ। ਬੇਟਿਆਂ ਦੇ ਵਿਰਲਾਪ ਅੰਬਰ ਨੂੰ ਵੀ ਹਿਲਾ ਰਹੇ ਸਨ।

ਉਸੇ ਸਮੇਂ ਮਨੋਰਮ ਨਰਸਿੰਗ ਰੂਮ ਪੁੱਜਾ। ਸਾਹਮਣੇ ਦਾ ਦ੍ਰਿਸ਼ ਵੇਖ ਕੇ ਉਸ ਦੇ ਤਰਾਹ ਨਿਕਲ ਗਏ। ਮਨੋਰਮ ਦੀਆਂ ਅੱਖਾਂ ਫਟੀਆਂ ਰਹਿ ਗਈਆਂ। ਉਹ ਸਰੁਚੀ ਨੂੰ ਵੇਖ ਕੇ ਦਹਾੜਾਂ ਮਾਰਨ ਲੱਗਾ। ਉਸ ਭੁੱਲੇ-ਭਟਕੇ ਨੂੰ ਸ਼ਾਇਦ ਅੱਜ ਹੀ ਸਰੁਚੀ ਦੀ ਹੋਂਦ ਦਾ ਅਹਿਸਾਸ ਹੋਇਆ ਸੀ।

ਡਾਕਟਰ ਸੋਬਤੀ ਦੇ ਆਖੇ ਉਹ ਸ਼ਬਦ ਵਾਰ ਵਾਰ ਉਸ ਦੇ ਕੰਨਾਂ ਵਿੱਚ ਗੂੰਜ ਰਹੇ ਸਨ, "ਮਿਸਟਰ ਸਿੰਘ! ਤੁਸੀਂ ਆਪਣੀ ਲਾਪਰਵਾਹੀ ਨਾਲ ਆਪਣੀ ਪਤਨੀ ਨੂੰ ਖੋ ਚੁੱਕੇ ਹੋ। ਬਹੁਤ ਪਹਿਲਾਂ ਮੈਂ ਤੁਹਾਡੀ ਪਤਨੀ ਨੂੰ ਸੁਚੇਤ ਕੀਤਾ ਸੀ ਕਿ ਆਪਣੇ ਪਤੀ ਨੂੰ.....। ਪਰ ਤੁਹਾਡੀ ਪਤਨੀ ਹੀ ਜਾਂ ਤਾਂ ਖਾਮੋਸ਼ ਰਹੀ ਜਾਂ ਤੁਸੀਂ ਉਸ ਦੀ ਕੋਈ ਪ੍ਰਵਾਹ ਨਹੀਂ ਕੀਤੀ। ਅੱਜ ਤੁਸੀਂ ਸਭ ਕੁੱਝ ਗੁਆ ਬੈਠੇ ਹੋ। ਰਾਹੀ ਤਾਂ ਜੀਵਨ ਪੰਧ ਵਿੱਚ ਬਹੁਤ ਮਿਲ ਜਾਂਦੇ ਨੇ, ਪਰ ਹਮਰਾਹੀ ਤਾਂ ਕੇਵਲ ਇੱਕ ਹੀ ਹੁੰਦਾ ਹੈ", ਇਹ ਕਹਿੰਦਿਆਂ ਹੀ ਡਾਕਟਰ ਸੋਵਤੀ ਨੇ ਆਪਣੇ ਹੰਝੂ ਦੇ ਗਲੇਡੂ ਛੁਪਾ ਲਏ।

ਅਰਥੀ ਬੰਨ੍ਹੀ ਜਾ ਰਹੀ ਸੀ। ਸਰੁਚੀ ਨੂੰ ਸੁਹਾਗਣਾ ਵਾਂਗ ਤਿਆਰ ਕੀਤਾ ਜਾ ਰਿਹਾ ਸੀ। ਭਾਵੇਂ ਜੀਉਂਦੇ ਜੀਅ ਉਸ ਨੂੰ ਸੁਹਾਗਣਾ ਵਰਗੀ ਕੋਈ ਖੁਸ਼ੀ ਨਾ ਮਿਲੀ ਹੋਵੇ ਪਰ ਲਾਲ ਰਿਬਨ, ਲਾਲ ਚੂੜੀਆਂ, ਬਿੰਦੀ-ਸੁਰਖੀ, ਲਾਲ ਦੁਸ਼ਾਲਾ ਬੇਜਾਨ ਲਾਸ਼ 'ਤੇ ਪਾ ਕੇ ਸੁਹਾਗਣਾ ਵਾਲਾ ਭਰਮ ਜ਼ਰੂਰ ਪਾਲਿਆ ਜਾ ਰਿਹਾ ਸੀ।

ਜਿਉਂ ਹੀ ਅਰਥੀ ਨੂੰ ਸਰੁਚੀ ਦੇ ਪੁੱਤਰਾਂ ਨੇ ਹੱਥ ਪਾਇਆ, ਮਨੋਰਮ ਦਹਾੜ ਪਿਆ, "ਮੈਂ ਤੇਰਾ ਦੋਸ਼ੀ ਹਾਂ, ਸਰੁਚੀ ਮੈਨੂੰ ਮੁਆਫ਼ ਕਰ ਦੇ, ਮੁ....ਆ...ਫ਼ ਕਰ-ਕਰ। ਸਰੁਚੀ ਮੈਂ ਤੈਨੂੰ ਸਮਝਿਆ ਹੀ ਨਹੀਂ, ਜੇ ਸਮਝ ਜਾਂਦਾ, ਤਾਂ ਤੇਰੀ ਖ਼ਾਮੋਸ਼ ਪੀੜ ਤੇਰੀ ਜਾਨ ਦਾ ਖੈਂਤਕਾਲ ਨਾ ਬਣਦੀ"।

" ਤੇਰੀ ਖ਼ਾਮੋਸ਼ ਪੀੜ, ਖ਼ਾਮੋਸ਼ ਪੀੜ", ਕਹਿੰਦਿਆਂ-ਕਹਿੰਦਿਆਂ ਮਨੋਰਮ ਗਸ਼ ਖਾ ਕੇ ਧਰਤੀ 'ਤੇ ਡਿਗ ਪਿਆ।

❋ ❋ ❋ ❋ ❋



# ਵਧਾਈ

ਐਸ.ਬੀ.ਐਸ ਨਗਰ ਤੋਂ ਸਾਬਕਾ ਐਮ.ਐਲ.ਏ **ਸ਼੍ਰੀ ਅੰਗਦ ਸਿੰਘ** ਨੂੰ ਕਾਗਰਸ ਪਾਰਟੀ ਨੇ ਪੰਜਾਬ ਦੇ ਓਬੀਸੀ ਭਾਈਚਾਰੇ ਦਾ ਚੇਅਰਮੈਨ ਨਿਯੁਕਤ ਕਰ ਕੇ ਉਸ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਹੈ। ਇਸ ਮਾਣਮੱਤੀ ਪੱਦਵੀ ਨਾਲ ਸੈਣੀ ਬਰਾਦਰੀ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।



# ਸੱਚੋ-ਸੱਚ

**ਸ਼ਮਿੰਦਰ ਸਿੰਘ** ਭੱਕੂਮਾਜਰਾ

ਵੇਖੋ ਸੱਤਾ ਦਾ ਜਾਦੂਈ ਖੇਲ੍ਹ,
ਕਥਨੀ ਕਰਨੀ ਦਾ ਅਦਭੁੱਤ ਸੁਮੇਲ।
ਪ੍ਰਧਾਨ ਮੰਤਰੀ ਦੀਆਂ ਸੱਤ ਅਪੀਲਾਂ,
ਨਿਰੇ ਸ਼ਬਦ ਜਾਲ, ਨਾ ਕੋਈ ਦਲੀਲਾਂ।
ਲੋਕ ਸਮਝਾਏ ਵਿਦੇਸ਼ ਨਾ ਜਾਓ,
ਆਪ ਸੱਤ ਦੇਸ਼ ਘੁੰਮ ਆਓ।
ਯੂਰਪ 'ਚ ਦੇਸ਼ ਦਾ ਮਾਣ ਵਧਾਇਆ,
ਹਜ਼ਾਰਾਂ ਕਰੋੜ ਦਾ ਵਪਾਰ ਮੁਕਾਇਆ।
ਰੂਸ ਦਾ ਸਸਤਾ ਤੇਲ ਠੁਕਰਾ ਕੇ,
ਟਰੰਪ ਤੋਂ ਲਿਆ ਵੱਧ ਪੈਸੇ ਲਾ ਕੇ।
ਤੇਲ ਕੰਪਨੀਆਂ ਨੂੰ ਪਵੇ ਨਾ ਘਾਟਾ,
ਲੋਕਾਂ ਦੀਆਂ ਜੇਬ੍ਹਾਂ 'ਤੇ ਮਾਰੋ ਡਾਕਾ।
ਸੋਨੇ ਆਯਾਤ 'ਤੇ ਟੈਕਸ ਵਧਾਇਆ,
ਅਮੀਰ ਮਿੱਤਰਾਂ ਦਾ ਵਪਾਰ ਵਧਾਇਆ।
ਇਜ਼ਰਾਈਲ ਅਮਰੀਕਾ ਨਾਲ ਦੋਸਤੀ ਪਾਈ,
ਰੂਸ ਤੇ ਇਰਾਨ ਨੂੰ ਪਿੱਠ ਦਿਖਾਈ।
ਦੇਸ਼ ਅਸਾਡਾ ਭਾਰਤ ਮਾਤਾ,
ਇਜ਼ਰਾਇਲ ਨੂੰ ਬਾਪ ਬਣਾਤਾ।
ਇਰਾਨੀ ਚਰਬਾਗ ਬੰਦਰਗਾਹ ਗਵਾ ਕੇ,
ਦੇਸ਼ ਨੂੰ ਤੇਲ-ਬੀਜ ਦੇ ਸੰਕਟ 'ਚ ਪਾ ਕੇ।
ਸੰਵਿਧਾਨਕ ਸੰਸਥਾਵਾਂ ਆਪਣੇ ਵੱਸ ਕਰ ਕੇ,
ਮੀਡੀਆ ਤੇ ਅਦਾਲਤਾਂ ਪੰਗ ਕਰ ਕੇ।
ਥਾਂ ਥਾਂ ਪੇਪਰ ਲੀਕ ਕਰਾ ਕੇ,
ਬੇਰੁਜ਼ਗਾਰਾਂ ਨੂੰ ਕਾਕਰੋਚ ਕਹਿ ਕੇ।
ਲੋਕ ਰਾਏ ਦਾ ਉਡਾਓ ਮਜ਼ਾਕ,
ਕਾਇਮ ਕਰੋ ਇੱਕਪੁਰਖੀ ਰਾਜ।
ਸੱਚ ਸੱਤਾ ਨੂੰ ਕਦੇ ਨਾ ਭਾਇਆ,
'ਭੱਕੂਮਾਜਰਾ' ਤਾਂ ਵੀ ਸੱਚ ਸੁਣਾਇਆ।

❋ ❋ ❋ ❋ ❋

.....ਸਫ਼ਾ 12 ਦੀ ਬਾਕੀ



**13.ਸ.ਹਰਵਿੰਦਰ ਸਿੰਘ ਸੈਣੀ**
ਪੁੱਤਰ ਸ. ਸੁਲਿੰਦਰ ਸਿੰਘ,
ਪਿੰਡ ਨਰਾਇਣਗੜ੍ਹ ਝੁੰਗੀਆਂ ,ਮੋਹਾਲੀ।



**14.ਸ਼੍ਰੀਮਤੀ ਰੀਤੂ ਬਡਵਾਲ**
ਪਤਨੀ ਸ. ਤੇਜਿੰਦਰਪਾਲ ਸਿੰਘ,
ਬਲੱਡ ਡੋਨਰਜ਼ ਕਾਲੋਨੀ ਨਵਾਂਸ਼ਹਿਰ।



**15.ਸ਼੍ਰੀਮਤੀ ਜਸਵੀਰ ਕੌਰ ਬਡਵਾਲ**
ਪਤਨੀ ਸਵ.ਗੁਰਮਿੰਦਰ ਸਿੰਘ
ਵਾਸੀ ਫਤਿਹਨਗਰ, ਨਵਾਂਸ਼ਹਿਰ



**16.ਸ਼੍ਰੀਮਤੀ ਕੁਲਵੰਤ ਕੌਰ ਸੈਣੀ**
ਪਤਨੀ ਸ. ਗੁਰਚਰਨ ਸਿੰਘ
ਬੈਕਸਾਈਡ ਓਲਡ ਕੋਰਟ,ਨਵਾਂਸ਼ਹਿਰ



## ਅਪ੍ਰੈਲ-ਜੂਨ, 2026 ਦੌਰਾਨ ਸੈਣੀ ਭਵਨ ਦੀ ਵਿਤੀ ਸਹਾਇਤਾ ਕਰਨ ਵਾਲੇ ਦਾਨੀ ਸੱਜਣ

ਬਲਬੀਰ ਸਿੰਘ ਸੈਣੀ
ਜਨਰਲ ਸਕੱਤਰ
ਸੈਣੀ ਭਵਨ

ੳ) **ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਵਜ਼ੀਫਿਆਂ ਲਈ-**

1. ਸ. ਗੁਰਮੁਖ ਸਿੰਘ ਸੈਣੀ, ਉੱਪਚੇਅਰਮੈਨ ਸੈਣੀ ਭਵਨ ਰੋਪੜ=50000/
2. ਸ. ਟੇਕਪਾਲ ਸਿੰਘ, ਫਰੀਦਾਬਾਦ = 10000/-
3. ਸ. ਦੀਦਾਰ ਸਿੰਘ, #1872, ਟੈਲੀਫੋਨ ਐਕਸਚੇਂਜ ਰੋਡ ਰੂਪਨਗਰ= 10000/
4. ਸ. ਜਗਦੇਵ ਸਿੰਘ ਪੰਘਲੀਆ, ਮੋਹਾਲੀ =5000/
5. ਫਲਾਈਟ ਲੈਫ.ਤਰਲੋਚਨ ਸਿੰਘ, ਮੋਹਾਲੀ =5000/

ਅ) **ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਨੂੰ ਸਮਾਜਸੇਵੀ ਕਾਰਜਾਂ ਲਈ-**

1. ਇੰਜ.ਭਗਵਾਨ ਸਿੰਘ ਰਿਟਾ. ਰਿਜਨਲ ਇਨਵਾਇਰਨਮੈਂਟ ਅਫ਼ਸਰ, ਹਰਿਆਣਾ ਪ੍ਰਦੂਸ਼ਣ ਕੰਟਰੋਲ ਬੋਰਡ, ਵਾਸੀ ਪੰਚਕੂਲਾ= 100000/
2. ਸ਼੍ਰੀ ਤਰਸੇਮ ਸੈਣੀ, ਪ੍ਰਧਾਨ ਆਲ ਇੰਡੀਆ ਸ਼ੈਲਰਜ਼ ਐਸੋਸੀਏਸ਼ਨ ਵਾਸੀ ਪਟਿਆਲਾ= 50000/
3. ਸ. ਬਘੇਲ ਸਿੰਘ, ਐਮ.ਡੀ.ਰੋਪੜ ਪ੍ਰਾਪਰਟੀਜ਼ ਐਂਡ ਬਿਲਡਰਜ਼, ਵਾਸੀ ਰੂਪਨਗਰ= 50000/
4. ਡਾ.ਅਜਮੇਰ ਸਿੰਘ ਚੇਅਰਮੈਨ ਸੈਣੀ ਭਵਨ ਰੂਪਨਗਰ=34300/ ਲੰਗਰ ਅਤੇ ਸੁਖਮਨੀ ਸਾਹਿਬ ਦੀ ਸੇਵਾ ਲਈ
5 ਸ.ਅਮਰਜੀਤ ਸਿੰਘ ਸੈਣੀ ਸਾ.ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ, ਵਾਸੀ ਰੂਪਨਗਰ=21000/
6 ਸ. ਬਲਬੀਰ ਸਿੰਘ ਸੈਣੀ ਜਨਰਲ ਸਕੱਤਰ ਸੈਣੀ ਭਵਨ ਰੂਪਨਗਰ=15000/, ਲੰਗਰ ਲਈ
7. ਸ਼੍ਰੀ ਰਾਮ ਮੋਹਨ ਪੰਘਲੀਆ,ਪਿੰਡ ਘਨੌਲੀ ਜ਼ਿਲ੍ਹਾ ਰੂਪਨਗਰ=11000/
8 ਸ. ਤੇਜਦੀਪ ਸਿੰਘ ਪੀ.ਸੀ.ਐਸ.ਸੰਯੁਕਤ ਸਕੱਤਰ, ਪੰਜਾਬ ਸਰਕਾਰ, ਵਾਸੀ ਚੰਡੀਗੜ੍ਹ=10000/
9 ਸ.ਟੇਕਪਾਲ ਸਿੰਘ ਟਰੱਸਟੀ ਸੈਣੀ ਭਵਨ ਰੂਪਨਗਰ, ਵਾਸੀ ਫਰੀਦਾਬਾਦ=10000/
10. ਸ਼੍ਰੀ ਅੰਮ੍ਰਿਤ ਸਿੰਘ ਬਡਵਾਲ, ਡਰਬੀ (ਯੂ.ਕੇ.)= 10000/ (ਦੋ ਸਿਲਾਈ ਮਸ਼ੀਨਾਂ)
11. ਸ਼੍ਰੀਮਤੀ ਲਾਭ ਕੌਰ ਪਤਨੀ ਸਵ. ਹਰਮੇਲ ਸਿੰਘ ਵਾਸੀ ਪਿੰਡ ਕੋਟਲਾ ਨਿਹੰਗ(ਰੂਪਨਗਰ)=5000/
12. ਸ. ਹਾਕਮ ਸਿੰਘ, ਸਰਪ੍ਰਸਤ ਸੈਣੀ ਭਵਨ ਰੂਪਨਗਰ = 5000/-
13. ਸ਼੍ਰੀ ਚੰਦਰ ਸ਼ੇਖਰ ਸੈਣੀ ਪੁੱਤਰ ਸ਼੍ਰੀ ਜੀਤ ਰਾਮ, ਰੂਪਨਗਰ =3000/, ਆਪਣੀ ਮਾਤਾ ਸ਼੍ਰੀਮਤੀ ਕਮਲਾ ਦੇਵੀ ਦੀ ਯਾਦ ਵਿੱਚ।
14. ਸ. ਹਰਬੰਸ ਸਿੰਘ ਰਿਟਾ.ਪ੍ਰਿਸੀਪਲ # ਮਲਹੋਤਰਾ ਕਾਲੋਨੀ ਰੂਪਨਗਰ= 2500/
15. ਸ਼੍ਰੀਮਤੀ ਹਰਮਿੰਦਰ ਕੌਰ ਪਤਨੀ ਸਵ.ਅਮਰੀਕ ਸਿੰਘ, ਵਾਸੀ ਰਣਜੀਤ ਐਵੇਨਿਊ ਰੂਪਨਗਰ=2100/
16. ਸ.ਸੁਖਬੀਰ ਸਿੰਘ ਪੁੱਤਰ ਸਵ.ਬਹਾਦੁਰ ਸਿੰਘ ਵਾਸੀ ਸੁੱਜੋਂ ਜ਼ਿਲ੍ਹਾ-ਨਵਾਂਸ਼ਹਿਰ=2000/
17. ਸ.ਪਵਿੱਤਰ ਸਿੰਘ, ਵਾਸੀ ਪਿਆਰਾ ਸਿੰਘ ਕਲੋਨੀ ਰੂਪਨਗਰ=1100/
18 ਸ. ਗੁਰਨਾਮ ਸਿੰਘ ਵਾਸੀ # 176, ਗਿੱਲਕੋ ਵੈਲੀ ਰੂਪਨਗਰ= 1100/
19. ਸ਼੍ਰੀਮਤੀ ਨਿਰਮਲ ਕੌਰ ਪਤਨੀ ਸ. ਬਲਦੇਵ ਸਿੰਘ, ਵਾਸੀ ਪ੍ਰੀਤ ਨਗਰ ਹੁਸ਼ਿਆਰਪੁਰ=1100/
20. ਸ਼੍ਰੀ ਹਰੀਸ਼ ਸੈਣੀ ਪੁੱਤਰ ਸਵ. ਨਰੰਜਣ ਸੈਣੀ, ਵਾਸੀ ਰੂਪਨਗਰ=1100/
21. ਸ. ਕੁਲਦੀਪ ਸਿੰਘ ਪਟਵਾਰੀ ਵਾਸੀ ਨੇੜੇ ਡੀ.ਏ.ਵੀ ਸਕੂਲ ਰੂਪਨਗਰ=1100/
22. ਸ. ਜਸਵਿੰਦਰਪਾਲ ਸਿੰਘ ਵਾਸੀ ਭਲਿਆਣ ਜ਼ਿਲ੍ਹਾ ਰੂਪਨਗਰ=1100/
23. ਸ਼੍ਰੀਮਤੀ ਅਨੀਤਾ ਸੈਣੀ ਪੁੱਤਰੀ ਸ਼੍ਰੀ ਜੀਤ ਰਾਮ, ਰੂਪਨਗਰ =1100/, ਆਪਣੀ ਮਾਤਾ ਸ਼੍ਰੀਮਤੀ ਕਮਲਾ ਦੇਵੀ ਦੀ ਯਾਦ ਵਿੱਚ।
24. ਸ. ਬਲਦੀਪ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਗੜ੍ਹਸ਼ੰਕਰ(ਹੁਸ਼ਿਆਰਪੁਰ)=1000/
25. ਸ. ਸੁਰਜੀਤ ਸਿੰਘ ਲੌਂਗੀਆ ਵਾਸੀ 617 ਗਿ.ਜ਼ੈ.ਸਿੰਘ ਨਗਰ ਰੂਪਨਗਰ=1000/
26. ਸ.ਬਲਬੀਰ ਸਿੰਘ ਰਿਟਾ.ਜੇ.ਈ.ਵਾਸੀ ਪਿੰਡ ਝੰਜੋਵਾਲ ਜ਼ਿਲ੍ਹਾ ਹੁਸ਼ਿਆਰਪੁਰ=1000/
27. ਸ਼੍ਰੀਮਤੀ ਆਦਰਸ਼ ਕੁਮਾਰੀ ਪਿੰਸੀਪਲ, ਬਲੂ ਬਰਡ ਸਕੂਲ ਫਾਰ ਹੈਂਡੀਕੈਪਸ ਰੂਪਨਗਰ=1000/
28. ਸ਼੍ਰੀਮਤੀ ਸੀਤਲ ਕੌਰ ਪਤਨੀ ਸ. ਸੁਰਿੰਦਰ ਸਿੰਘ ਵਾਸੀ ਗਊਸ਼ਾਲਾ ਰੋਡ ਰੂਪਨਗਰ=500/

ਇਨ੍ਹਾਂ ਤੋਂ ਇਲਾਵਾ ਹੀਰਾ ਕਰਿਆਨਾ ਸਟੋਰ ਰੂਪਨਗਰ ਦੇ ਮਾਲਕਾਂ ਨੇ ਸਮਾਗਮ ਸਮੇਂ ਪੀਣ ਵਾਲੇ ਪਾਣੀ ਅਤੇ ਪਕੌੜਿਆਂ ਲਈ ਸਾਮਾਨ ਦੀ ਸੇਵਾ ਕੀਤੀ ਅਤੇ ਗੁਰਦੁਆਰਾ ਬਾਬਾ ਸਤਨਾਮ ਜੀ ਦੇ ਸੇਵਾਦਾਰਾਂ ਨੇ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਨਿਭਾਈ।

ਇਨ੍ਹਾਂ ਦਾਨੀ ਸੱਜਣਾਂ ਦਾ ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਬਹੁਤ-ਬਹੁਤ ਧੰਨਵਾਦ।

## ਸੈਣੀ ਸਮਾਜ ਦੀ ਏਕਤਾ - ਸਮੇਂ ਦੀ ਸਭ ਤੋਂ ਵੱਡੀ ਲੋੜ

**ਇੰਜ: ਦੀਦਾਰ ਸਿੰਘ**
ਰੂਪਨਗਰ



ਸੈਣੀ ਸਮਾਜ ਪੰਜਾਬ ਅਤੇ ਉੱਤਰੀ ਭਾਰਤ ਦਾ ਇੱਕ ਮਿਹਨਤੀ, ਸਵੈਮਾਨੀ ਅਤੇ ਇਤਿਹਾਸਕ ਵਿਰਾਸਤ ਵਾਲਾ ਭਾਈਚਾਰਾ ਹੈ। ਖੇਤੀਬਾੜੀ, ਫੌਜ, ਸਿੱਖਿਆ, ਸਰਕਾਰੀ ਸੇਵਾਵਾਂ, ਵਪਾਰ ਅਤੇ ਸਮਾਜਿਕ ਖੇਤਰਾਂ ਵਿੱਚ ਸੈਣੀ ਭਾਈਚਾਰੇ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇੰਨੀ ਯੋਗਤਾ, ਮਿਹਨਤ ਅਤੇ ਸੰਭਾਵਨਾਵਾਂ ਹੋਣ ਦੇ ਬਾਵਜੂਦ ਸੈਣੀ ਸਮਾਜ ਅੱਜ ਤੱਕ ਇੱਕ ਮਜ਼ਬੂਤ ਅਤੇ ਸਰਵ-ਪ੍ਰਵਾਨਿਤ ਸਮਾਜਿਕ ਸ਼ਕਤੀ ਵਜੋਂ ਨਹੀਂ ਉਭਰ ਸਕਿਆ।

ਇਸ ਦਾ ਸਭ ਤੋਂ ਵੱਡਾ ਕਾਰਨ ਸਮਾਜ ਦੀਆਂ ਵੱਖ-ਵੱਖ ਜਥੇਬੰਦੀਆਂ ਅਤੇ ਸੰਸਥਾਵਾਂ ਵਿੱਚ ਪੂਰੀ ਏਕਤਾ ਦਾ ਨਾ ਬਣ ਸਕਣਾ ਹੈ। ਸਮੇਂ-ਸਮੇਂ 'ਤੇ ਸਮਾਜ ਦੀ ਭਲਾਈ ਲਈ ਕਈ ਸਭਾਵਾਂ, ਮੰਡਲਾਂ ਅਤੇ ਜਥੇਬੰਦੀਆਂ ਬਣੀਆਂ। ਇਨ੍ਹਾਂ ਨੇ ਆਪਣੇ-ਆਪਣੇ ਪੱਧਰ 'ਤੇ ਵਧੀਆ ਕੰਮ ਵੀ ਕੀਤੇ, ਪਰ ਇੱਕ ਸਾਂਝੇ ਮੰਚ ਅਤੇ ਸਾਂਝੀ ਦਿਸ਼ਾ ਦੀ ਕਮੀ ਕਾਰਨ ਸਮਾਜ ਦੀ ਸਮੂਹਿਕ ਤਾਕਤ ਖਿੰਡਦੀ ਰਹੀ। ਲੀਡਰਸ਼ਿਪ ਦੀ ਹੋੜ, ਖੇਤਰੀ ਸੋਚ, ਆਪਸੀ ਮਤਭੇਦ, ਰਾਜਨੀਤਿਕ ਪ੍ਰਭਾਵ ਅਤੇ ਸਾਂਝੇ ਏਜੰਡੇ ਦੀ ਕਮੀ ਨੇ ਏਕਤਾ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕੀਤੀਆਂ। ਕਈ ਵਾਰ ਵਿਅਕਤੀ ਅਤੇ ਅਹੁਦੇ ਸਮਾਜਕ ਹਿੱਤਾਂ ਤੋਂ ਵੱਧ ਮਹੱਤਵਪੂਰਨ ਬਣ ਗਏ। ਨਤੀਜੇ ਵਜੋਂ ਸਮਾਜ ਦੀ ਊਰਜਾ ਅਤੇ ਸੰਸਾਧਨ ਇੱਕੋ ਦਿਸ਼ਾ ਵਿੱਚ ਲੱਗਣ ਦੀ ਬਜਾਏ ਵੱਖ-ਵੱਖ ਪਾਸਿਆਂ ਵਿੱਚ ਵੰਡਦੇ ਰਹੇ।

ਇਸ ਦਾ ਸਭ ਤੋਂ ਵੱਧ ਨੁਕਸਾਨ ਰਾਜਨੀਤਿਕ ਖੇਤਰ ਵਿੱਚ ਵੇਖਣ ਨੂੰ ਮਿਲਦਾ ਹੈ। ਭਾਵੇਂ ਸੈਣੀ ਸਮਾਜ ਦੇ ਅਨੇਕਾਂ ਯੋਗ ਵਿਅਕਤੀ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵਿੱਚ ਸਰਗਰਮ ਰਹੇ ਹਨ, ਪਰ ਸਮਾਜ ਵਜੋਂ ਇੱਕ ਸਾਂਝੀ ਅਤੇ ਲੰਬੀ ਮਿਆਦ ਦੀ ਰਣਨੀਤੀ ਵਿਕਸਿਤ ਨਹੀਂ ਹੋ ਸਕੀ। ਇਸ ਕਾਰਨ ਸਮਾਜ ਦੀ ਵੋਟ ਅਤੇ ਪ੍ਰਭਾਵ ਕਈ ਹਿੱਸਿਆਂ ਵਿੱਚ ਵੰਡਿਆ ਗਿਆ ਅਤੇ ਸਮੂਹਿਕ ਰਾਜਨੀਤਿਕ ਤਾਕਤ ਕਮਜ਼ੋਰ ਰਹੀ। ਕਿਸੇ ਵੀ ਲੋਕਤੰਤਰ ਵਿੱਚ ਉਹੀ ਭਾਈਚਾਰੇ ਵੱਧ ਪ੍ਰਭਾਵਸ਼ਾਲੀ ਹੁੰਦੇ ਹਨ ਜੋ ਆਪਣੇ ਸਾਂਝੇ ਹਿੱਤਾਂ ਬਾਰੇ ਇੱਕ ਆਵਾਜ਼ ਉਠਾਉਂਦੇ ਹਨ।

ਇਤਿਹਾਸ ਸਾਨੂੰ ਇਹ ਵੀ ਸਿਖਾਉਂਦਾ ਹੈ ਕਿ ਤਰੱਕੀ ਲਈ ਸਿਰਫ਼ ਗਿਣਤੀ ਕਾਫ਼ੀ ਨਹੀਂ ਹੁੰਦੀ। ਭਾਰਤ ਦੇ ਪਾਰਸੀ, ਜੈਨ, ਬ੍ਰਾਹਮਣ, ਖੱਤਰੀ, ਅਰੋੜਾ ਅਤੇ ਰਾਮਗੜ੍ਹੀਆ ਵਰਗੇ ਭਾਈਚਾਰੇ ਇਸ ਦੀਆਂ ਉਦਾਹਰਣਾਂ ਹਨ। ਇਨ੍ਹਾਂ ਵਿੱਚੋਂ ਕਈਆਂ ਦੀ ਗਿਣਤੀ ਬਹੁਤ ਘੱਟ ਹੈ, ਪਰ ਸਿੱਖਿਆ, ਸੰਗਠਨ, ਆਪਸੀ ਸਹਿਯੋਗ ਅਤੇ ਮਜ਼ਬੂਤ ਸੰਸਥਾਵਾਂ ਕਾਰਨ ਉਹ ਸਮਾਜਿਕ, ਆਰਥਿਕ ਅਤੇ ਪ੍ਰਸ਼ਾਸਨਿਕ ਖੇਤਰਾਂ ਵਿੱਚ ਵਿਸ਼ੇਸ਼ ਪਛਾਣ ਬਣਾਉਣ ਵਿੱਚ ਸਫਲ ਰਹੇ ਹਨ। ਉਨ੍ਹਾਂ ਦੀ ਤਾਕਤ ਗਿਣਤੀ ਵਿੱਚ ਨਹੀਂ, ਸਗੋਂ ਏਕਤਾ, ਦੂਰਦਰਸ਼ਤਾ ਅਤੇ ਸੰਸਥਾਗਤ ਸੋਚ ਵਿੱਚ ਹੈ।

ਸੈਣੀ ਸਮਾਜ ਕੋਲ ਵੀ ਇਸ ਤੋਂ ਘੱਟ ਸਮਰੱਥਾ ਨਹੀਂ ਹੈ। ਦੇਸ਼ ਅਤੇ ਵਿਦੇਸ਼ ਵਿੱਚ ਵੱਸਦੇ ਹਜ਼ਾਰਾਂ ਸਫਲ ਸੈਣੀ ਪਰਿਵਾਰ, ਉੱਚ-ਸਿੱਖਿਆ ਪ੍ਰਾਪਤ ਨੌਜਵਾਨ, ਵਪਾਰੀ, ਕਿਸਾਨ, ਫੌਜੀ ਅਧਿਕਾਰੀ, ਡਾਕਟਰ, ਇੰਜੀਨੀਅਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਸਮਾਜ ਦੀ ਵੱਡੀ ਪੂੰਜੀ ਹਨ। ਲੋੜ ਸਿਰਫ਼ ਇਸ ਗੱਲ ਦੀ ਹੈ ਕਿ ਇਸ ਤਾਕਤ ਨੂੰ ਇੱਕ ਸਾਂਝੇ ਮਕਸਦ ਲਈ ਜੋੜਿਆ ਜਾਵੇ।

ਸਮੇਂ ਦੀ ਮੰਗ ਹੈ ਕਿ ਸਾਰੀਆਂ ਜਥੇਬੰਦੀਆਂ ਆਪਸੀ ਸਤਿਕਾਰ ਅਤੇ ਸਹਿਯੋਗ ਦੇ ਆਧਾਰ 'ਤੇ ਇੱਕ ਸਾਂਝਾ ਕੋਆਰਡੀਨੇਸ਼ਨ ਮੰਚ ਬਣਾਉਣ। ਸਮਾਜ ਦਾ ਕੇਂਦਰੀ ਡਾਟਾਬੇਸ ਤਿਆਰ ਕੀਤਾ ਜਾਵੇ, ਵਿਦਿਆਰਥੀਆਂ ਲਈ ਸਕਾਲਰਸ਼ਿਪ ਫੰਡ ਸਥਾਪਿਤ ਕੀਤੇ ਜਾਣ, ਨੌਜਵਾਨਾਂ ਅਤੇ ਮਹਿਲਾਵਾਂ ਨੂੰ ਲੀਡਰਸ਼ਿਪ ਵਿੱਚ ਯੋਗ ਸਥਾਨ ਦਿੱਤਾ ਜਾਵੇ ਅਤੇ ਹਰ ਸਾਲ ਸਰਵ-ਸੰਮਤੀ ਮਹਾਂਅਧਿਵੇਸ਼ਨ ਰਾਹੀਂ ਸਮਾਜ ਦੀਆਂ ਤਰਜੀਹਾਂ ਤੈਅ ਕੀਤੀਆਂ ਜਾਣ।

ਅੱਜ ਦਾ ਯੁੱਗ ਗਿਣਤੀ ਦਾ ਨਹੀਂ, ਸੰਗਠਨ ਅਤੇ ਗਿਆਨ ਦਾ ਯੁੱਗ ਹੈ। ਜੇਕਰ ਸੈਣੀ ਸਮਾਜ ਆਪਣੀਆਂ ਵੱਖਰਤਾਵਾਂ ਤੋਂ ਉੱਪਰ ਉੱਠ ਕੇ ਸਾਂਝੇ ਟੀਚਿਆਂ ਲਈ ਇਕੱਠਾ ਹੋ ਜਾਂਦਾ ਹੈ ਤਾਂ ਉਹ ਨਾ ਸਿਰਫ਼ ਆਪਣੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਇੱਕ ਮਿਸਾਲ ਬਣ ਸਕਦਾ ਹੈ।

❋ ❋ ❋ ❋ ❋

## ਨਵੇਂ ਆਜੀਵਨ ਮੈਂਬਰ

(ਮੈਂਬਰਸ਼ਿਪ ਫੀਸ=2500/)

**594. ਸ਼੍ਰੀ ਬੰਟੀ ਬਿੰਜਲ ਸੈਣੀ**
ਪੁੱਤਰ ਸ਼੍ਰੀ ਕਸ਼ਮੀਰੀ ਲਾਲ,
ਪਿੰਡ ਬਿੰਜਲ, ਜ਼ਿਲ੍ਹਾ-ਪਟਿਆਲਾ



**595. ਸ਼੍ਰੀ ਰਾਮ ਮੋਹਨ ਪੰਘਲੀਆ**
ਪੁੱਤਰ ਸ਼੍ਰੀ ਰੌਣਕ ਸਿੰਘ,
ਘਨੌਲੀ, ਜ਼ਿਲ੍ਹਾ-ਰੂਪਨਗਰ



**596. ਸ. ਜਤਿੰਦਰ ਸਿੰਘ**
ਪੁੱਤਰ ਸ.ਦਵਿੰਦਰ ਸਿੰਘ,
ਫਰੋਜਪੁਰ, ਜ਼ਿਲ੍ਹਾ-ਰੂਪਨਗਰ



**597. ਸ਼੍ਰੀ ਦੇਸ ਰਾਜ ਸੈਣੀ**
ਪੁੱਤਰ ਸ਼੍ਰੀ ਕਰਮ ਚੰਦ,
ਪਿੰਡ ਸੈਣੀ ਮਾਜਰਾ, ਰੂਪਨਗਰ



ਕਵਿਤਾ

## ਕਿਉਂ ਗਿਣਤੀ ਵਿੱਚ ਨਾ ਆਇਆ ਏ?

ਰੋਮੀ ਘੜਾਮਾਂ

ਜਿਸ ਕੋਠੀ ਦੇ ਵਿੱਚ ਰਹਿੰਦੇ ਹਾਂ,
ਸੋਫ਼ੇ, ਕੁਰਸੀ 'ਤੇ ਬਹਿੰਦੇ ਹਾਂ,
ਬੈਡਾਂ, ਮੰਜਿਆਂ 'ਤੇ ਪੈਂਦੇ ਹਾਂ,
ਇਹ ਸਭ ਕੁੱਝ ਜੀਹਨੇ ਬਣਾਇਆ ਏ।
ਕਦੇ ਗਿਣਤੀ ਵਿੱਚ ਵੀ ਆਇਆ ਏ?
ਇਹ ਸੜਕਾਂ ਦਾ ਜੋ ਜਾਲ਼ ਦਿਸੇ,
ਤੇ ਪੁਲ਼ਾਂ ਵਾਲਾ ਵੀ ਨਾਲ਼ ਦਿਸੇ,
ਲੁੱਕ, ਬਜਰੀ ਰਲ਼ਿਆ ਮਾਲ ਦਿਸੇ,
ਪਰ ਮੁੜ੍ਹਕਾ ਜਿਸ ਵਿੱਚ ਪਾਇਆ ਏ।
ਕਦੇ ਗਿਣਤੀ ਵਿੱਚ ਵੀ ਆਇਆ ਏ?
ਇਹ ਭੱਜਦੀਆਂ ਗੱਡੀਆਂ ਕਾਰਾਂ ਜੋ,
ਤੇ ਭਰਨ ਜਹਾਜ਼ ਉਡਾਰਾਂ ਜੋ,
ਰੇਲਾਂ ਦੀਆਂ ਲੱਗੀਆਂ ਲਾਰਾਂ ਜੋ,
ਜਿਸ ਲੋਹਾ ਇਹ ਪਿਘਲਾਇਆ ਏ।
ਕਦੇ ਗਿਣਤੀ ਵਿੱਚ ਵੀ ਆਇਆ ਏ?
ਪਾਣੀ, ਸਪਰੇਆਂ ਲਾਉਣ ਵਾਲਾ,
ਅੰਨ, ਦਾਲਾਂ ਆਦਿ ਉਗਾਉਣ ਵਾਲਾ,
ਕੱਢਣ, ਲੱਦਣ ਤੇ ਲਾਹੁਣ ਵਾਲ਼ਾ,
ਜਿਸ ਖੁਦ ਨੂੰ ਹਰ ਦਮ ਵਾਹਿਆ ਏ।
ਕਦੇ ਗਿਣਤੀ ਵਿੱਚ ਵੀ ਆਇਆ ਏ?
ਜੋ ਲੋੜਾਂ ਲਈ ਮਜ਼ਬੂਰ ਸਦਾ,
ਥੁੜ੍ਹਾਂ ਵਿੱਚ ਹੀ ਭਰਪੂਰ ਸਦਾ,
ਰੋਮੀਆਂ ਮਜੇ ਤੋਂ ਦੂਰ ਸਦਾ।
ਕਦੇ ਧਿਆਨ ਘੜਾਮੇਂ ਲਾਇਆ ਏ?
ਕਿਉਂ ਗਿਣਤੀ ਵਿੱਚ ਨਾ ਆਇਆ ਏ?

❉ ❉ ❉ ❉ ❉



ਕਵਿਤਾ

## ਸੰਤ ਬਾਬਾ ਸੇਵਾ ਸਿੰਘ ਨੌਰੇਵਾਲੇ

ਬਾਬਾ ਦਲਜੀਤ ਸਿੰਘ
ਸ਼ਿਕਾਗੋ

ਸੰਤ ਸੇਵਾ ਸਿੰਘ ਜੀ ਕੀਤੀ ਅਣਥੱਕ ਸੇਵਾ,
ਕਿਲਾ ਅਨੰਦਗੜ੍ਹ ਤੇ ਹੋਰ ਗੁਰਧਾਮ ਭਾਈ।
ਪਿੰਡ ਨੌਰਾ ਦੁਆਬੇ ਤੋਂ ਚੱਲ ਆਏ,
ਪਹੁੰਚੇ ਪੁਰੀ ਅਨੰਦ ਸੱਚੇ ਥਾਂਮ ਭਾਈ।
ਕਹਿੰਦੇ ਗੁਰੂ ਲਿਆਇਆ ਸਾਨੂੰ ਪ੍ਰੇਰ ਇੱਥੇ,
ਉਸੇ ਹੱਥ ਹੈ ਸਾਡੀ ਲਗਾਮ ਭਾਈ।
ਹੱਥਾਂ ਨਾਲ ਕਰਦੇ ਰਹਿੰਦੇ ਕਾਰ ਸੇਵਾ,
ਮਨ ਰਹਿੰਦਾ ਵਿੱਚ ਰੱਬੀ ਨਾਮ ਭਾਈ।
ਗੁਰੂ ਲਾਹੌਰ, ਬਿਲੌਰ, ਸਕੇਤ ਮੰਡੀ,
ਇਨ੍ਹਾਂ ਥਾਵਾਂ 'ਤੇ ਕੀਤੇ ਸੇਵਾ ਕਾਮ ਭਾਈ।
ਸੇਵਾ ਕਾਰਜਾਂ 'ਚ ਇਨੇ ਮਗਨ ਰਹਿੰਦੇ,
ਕਿਸੇ ਦੇਖੇ ਨ ਕਰਦੇ ਅਰਾਮ ਭਾਈ।
ਸਦਾ ਵਿੱਚ ਹਲੀਮੀ ਦੇ ਰਹਿਣ ਰੰਗੇ,
ਕਹਿੰਦੇ ਗੁਰੂ ਦਾ ਹਾਂ ਮੈਂ ਗੁਲਾਮ ਭਾਈ।
ਪੈਰੀਂ ਹੱਥ ਲਾਉਣੇ ਵਰਜ ਕੇ ਆਖਦੇ ਸੀ,
ਗੁਰੂ ਗ੍ਰੰਥ ਨੂੰ ਕਰੋ ਪ੍ਰਨਾਮ ਭਾਈ।
ਅੰਮ੍ਰਿਤ ਛਕ ਕੇ ਬਣੋ ਪੱਕੇ ਨਿੱਤਨੇਮੀ,
ਦਸਵੇਂ ਪਾਤਸ਼ਾਹ ਦਾ ਮੰਨੋ ਪੈਗਾਮ ਭਾਈ।
ਨਸ਼ੇ ਪੀਣ ਤੋਂ ਵਰਜਦੇ ਸਦਾ ਰਹਿੰਦੇ,
ਕਹਿੰਦੇ ਸਿੱਖਾਂ ਲਈ ਨਸ਼ੇ ਹਰਾਮ ਭਾਈ।
ਸਿੱਖ ਹੋ ਕੇ ਨਹੀਂ ਐਸਾ ਕਰਮ ਕਰਨਾ,
ਹੋਵੇ ਜਿਸ ਤੋਂ ਸਿੱਖੀ ਬਦਨਾਮ ਭਾਈ।
ਸਦਾ ਵਰਜਦੇ ਦਾਜ ਦੇ ਲੋਭੀਆਂ ਨੂੰ,
ਨਹੀਂ ਪੁੱਤਰਾਂ ਦੇ ਵੱਟਣੇ ਦਾਮ ਭਾਈ।
ਸ਼ਿਕਾਗੋਵਾਲਿਆਂ ਦੀ ਦਿਲੀ ਅਵਾਜ਼ ਹੈ ਇਹ,
ਸੱਚੇ ਸੰਤ ਉਹ ਰੂਪ ਸੀ ਰਾਮ ਭਾਈ।

❉ ❉ ❉ ❉ ❉

ਮਿੱਠੀਆਂ ਯਾਦਾਂ

# ਦਾਦੀ ਮਾਂ ਦੇ ਕਿੱਸੇ

ਮਨਜੀਤ ਸਿੰਘ ਤੰਬੜ
ਪੰਜੋੜ



ਮੈਂ ਸੱਠਵਿਆਂ ਵਿੱਚੋਂ ਗੁਜ਼ਰ ਰਿਹਾ ਹਾਂ। ਦਾਦੀ ਮਾਂ ਦੀਆਂ ਭੋਲ਼ੀਆਂ ਅਤੇ ਮੂੰਹਫਟ ਗੱਲਾਂ ਮੈਨੂੰ ਅਜੇ ਵੀ ਯਾਦ ਹਨ। ਉਹ ਸਾਡੇ ਘਰ ਤੋਂ ਸੌ ਕੁ ਗਜ਼ ਦੂਰ ਹਵੇਲੀ ਵਿੱਚ ਰਹਿੰਦੀ ਸੀ। ਦਾਦੀ ਗ਼ਲੀ ਵਿੱਚੋਂ ਪਿੱਠ ਪਿੱਛੇ ਬਾਹਾਂ ਦੀ ਕੁੰਡਲੀ ਮਾਰੀ ਦੱਬੇ ਪੈਰੀਂ ਚੱਲਦੀ ਆਉਂਦੀ। ਸਾਡੇ ਘਰ ਦੀ ਤਿੰਨ ਕੁ ਫੁੱਟ ਉੱਚੀ ਕੱਚੀ ਚਾਰਦੀਵਾਰੀ ਦੇ ਉੱਪਰੋਂ ਦੀ ਹੌਲ਼ੀ ਜੇਹੇ ਆਵਾਜ਼ ਮਾਰ ਕੇ ਮੇਰੀ ਭੈਣ ਨੂੰ ਪੁੱਛਦੀ, "ਕੁੜੇ ਧੀਰੋ ਦਾਲ ਹੈਗੀ ਆ? ਜੇ ਹੈਗੀ ਆ ਤਾਂ ਆਹ ਕੌਲੇ 'ਚ ਕੜਛੀ ਕੁ ਪਾ ਦੇ" ਭੈਣ ਮਾਂ ਦੇ ਹੱਥ ਵਾਲਾ ਕੌਲਾ ਫੜ ਕੇ ਰਸੋਈ ਵਿੱਚ ਚਲੇ ਜਾਂਦੀ ਤਾਂ ਦਾਦੀ ਮਾਂ ਸਾਨੂੰ ਵੇਹੜੇ ਵਿੱਚ ਖੇਡਦਿਆਂ ਨੂੰ ਦੇਖ ਕੇ ਹੱਥ ਦੇ ਇਸ਼ਾਰੇ ਨਾਲ ਆਪਣੇ ਕੋਲ ਬੁਲਾ ਕੇ ਹੌਲ਼ੀ ਦੇਣੀ ਪੁੱਛਦੀ, "ਵੇ ਥੋਡੀ ਮਾਂ ਤਿਨੀ ਘਰੇ?" ਕਈ ਵਾਰ ਅਸੀਂ ਸ਼ਰਾਰਤ ਨਾਲ ਦਾਦੀ ਦਾ ਮੂਜ਼ੂ ਬਣਾਉਣ ਲਈ ਉਂਝ ਹੀ ਆਖ ਦਿੰਦੇ, "ਹਾਂ ਮਾਂ ਬੇਬੇ ਘਰੇ ਈ ਆ। ਆ ਜਾ ਅੰਦਰ ਨੂੰ, ਬੁਲਾਵਾਂ?" ਸਾਡੇ ਵਿੱਚੋਂ ਕੋਈ ਝੂਠੀ ਮੂਠੀ ਹਾਕ ਵੀ ਮਾਰ ਦਿੱਦਾ, "ਬੇਬੇ ਆਈਂ ਬਾਹਰ ਨੂੰ ਮਾਂ ਬੁਲਾਉਂਦੀ ਆ"। "ਵੇ ਚੁੱਪ ਕਰ ਕਾਨੂੰ ਟਾਹਰਾਂ ਮਾਰਨ ਬਹਿ ਜਾਂਦੇ ਓ। ਦਾਦੇ ਮਗਾਣੇ ਨਾ ਹੋਣ ਤਾਂ, ਮੈਂ ਕੀ ਕਰਾਉਣਾ ਥੋਡੀ ਮਾਂ ਤੋਂ"। ਬੱਸ ਏਨਾ ਆਖਦੀ ਉਹ ਪਿਛਲੇ ਪੈਰੀਂ ਆਪਣੇ ਘਰ ਚਲੀ ਜਾਂਦੀ ਅਤੇ ਦਾਲ ਵਾਲਾ ਕੌਲਾ ਸਾਨੂੰ ਈ ਦੇ ਕੇ ਆਉਣਾ ਪੈਂਦਾ।

ਛੋਟੇ ਹੁੰਦਿਆਂ ਅਸੀਂ ਦੋਵੇਂ ਭਰਾ ਸਕੂਲੋਂ ਆ ਕੇ ਆਪਣੀ ਦਾਦੀ ਮਾਂ ਦੇ ਘਰ ਜਾਂਦੇ ਹੁੰਦੇ ਸੀ। ਘਰ ਤਾਲਾ ਲੱਗਾ ਹੁੰਦਾ ਸੀ ਕਿਉਂਕਿ ਬੇਬੇ ਭਾਪਾ ਅਤੇ ਸਾਡੀਆਂ ਭੈਣਾਂ ਤਾਂ ਖੇਤਾਂ ਵਿੱਚ ਕੰਮ ਕਰਨ ਗਏ ਹੁੰਦੇ ਸਨ। ਦਾਦੀ ਮਾਂ ਦੇ ਘਰ ਵਿੱਚ ਵੱਡੇ ਵੱਡੇ ਮੋਟੇ ਪਾਵਿਆਂ ਵਾਲਾ ਵੱਡਆਕਾਰੀ ਪਲੰਘਨੁਮਾ ਮੰਜਾ ਸੀ ਜਿਸ ਨਾਲ ਉਸ ਨੂੰ ਬਹੁਤ ਲਗਾਵ ਸੀ। ਉਹ ਦੱਸਿਆ ਕਰਦੀ ਸੀ, "ਤੁਹਾਡਾ ਦਾਦਾ ਇਕ ਆਰੀ ਕਿਸੇ ਕੰਮ ਲਾਹੌਰ ਗਿਆ ਸੀ। ਉੱਥੇ ਉਸ ਨੂੰ ਇਹ ਮੰਜੇ ਦੇ ਪਾਵੇ ਮਨ ਲੱਗ ਗਏ। ਮਣ ਪੱਕਾ ਭਾਰ ਹੋਣਾ ਇਹ ਕੋਈ। ਉਹ ਇਨ੍ਹਾਂ ਨੂੰ ਫਗਵਾੜੇ ਦੇ ਰੇਲਵੇ ਸਟੇਸ਼ਨ ਤੋਂ ਮੋਢਿਆਂ 'ਤੇ ਚੁੱਕ ਲਿਆਇਆ ਸੀ। ਉਦੋਂ ਕਿਹੜੀਆਂ ਮੋਟਰਾਂ ਗੱਡੀਆਂ ਹੁੰਦੀਆਂ ਸਨ। ਘਰ ਆ ਕੇ ਕੋਈ ਇੱਕ ਮਹੀਨਾ ਲੱਗਿਆ ਰਿਹਾ ਸਣ ਦਾ ਬਾਣ ਵੱਟਣ ਨੂੰ। ਸਾਰਾ ਆਪਣੇ ਹੱਥੀਂ ਵੱਟਿਆ ਉਨ੍ਹੇ। ਫਿਰ ਅਸੀਂ ਦੋਨਾਂ ਨੇ ਰਲ਼ ਕੇ ਬੁਣਿਆਂ ਇਹ ਮੰਜਾ। ਬੜਾ ਸਿਰੜੀ ਤੀ ਤੁਹਾਡਾ ਦਾਦਾ"। ਇਹ ਆਖਦਿਆਂ ਉਸ ਦੀਆਂ ਅੱਖਾਂ ਵਿੱਚ ਪਾਣੀ ਭਰ ਆਉਂਦਾ। ਇਸ ਮੰਜੇ ਉੱਤੇ ਸੌਣਾ ਤਾਂ ਦੂਰ, ਦਾਦੀ ਇਸ 'ਤੇ ਸਾਨੂੰ ਬੈਠਣ ਵੀ ਨਹੀਂ ਸੀ ਦਿੰਦੀ। ਉਹ ਆਪ ਵੀ ਇਸ ਮੰਜੇ ਦੇ ਲਾਗੇ ਧਰਤੀ ਉਤੇ ਇਕ ਦਰੀ ਵਿਛਾ ਕੇ ਬੈਠਦੀ ਸੀ। ਉਸ ਦਾ ਮੰਨਣਾ ਸੀ ਕਿ ਆਪਣੇ ਪਤੀ ਦੇ ਬਰਾਬਰ ਬੈਠਣਾ ਔਰਤ ਲਈ ਪਾਪ ਹੁੰਦਾ ਹੈ। ਉਹ ਸਾਨੂੰ ਵੀ ਇਹੀ ਸਮਝਾਉਂਦੀ ਕਿ ਵੱਡਿਆਂ ਦੇ ਬਰਾਬਰ ਨਹੀਂ ਬੈਠੀਦਾ।

ਜਦੋਂ ਅਸੀਂ ਦਾਦੀ ਦੇ ਘਰ ਜਾਂਦੇ ਤਾਂ ਕਈ ਵਾਰੀ ਗੁਆਂਢਣ ਤਾਈ ਰਾਓ ਉਸ ਨਾਲ ਬੈਠੀ ਗੱਲਾਂ ਕਰਦੀ ਹੁੰਦੀ। ਜਦੋਂ ਉਹ ਗੱਲਾਂ ਕਰਦੀਆਂ ਤਾਂ ਮੈਂ ਚੁੱਪਚਾਪ ਦਾਦੀ ਦੀ ਗੋਦ ਵਿੱਚ ਜਾ ਕੇ ਬੈਠ ਜਾਂਦਾ। ਉਦੋਂ ਭਾਵੇ ਉਨ੍ਹਾਂ ਦੀਆਂ ਗੱਲਾਂ ਮੇਰੀ ਸਮਝ ਤੋਂ ਬਾਹਰ ਹੁੰਦੀਆਂ ਪਰ ਫਿਰ ਵੀ ਕਦੇ ਇੱਕ ਵੱਲ ਤੇ ਕਦੇ ਦੂਜੀ ਵੱਲ ਦੇਖਦਾ। ਉਨ੍ਹਾਂ ਦੇ ਬਿਨਾਂ ਦੰਦਾਂ ਵਾਲੇ ਖਾਲੀ ਮੂੰਹ ਗੱਲਾਂ ਕਰਦੇ ਮੈਨੂੰ ਚੰਗੇ ਲਗਦੇ। ਦਾਦੀ ਦੇ ਦੰਦ ਮੇਰੀ ਸੁਰਤ ਤੋਂ ਪਹਿਲਾਂ ਹੀ ਝੜੇ ਹੋਏ ਸਨ। ਉਹ ਆਪਣੇ ਬੀਤੇ ਸਮੇਂ ਵਿੱਚ ਔਰਤ ਦੀ ਸ਼ਰਮ-ਹਯਾ ਦੀਆਂ ਗੱਲਾਂ ਕਰਦੀਆਂ ਅਤੇ ਉਨ੍ਹਾਂ ਨੂੰ ਆਪਣੇ ਅੱਜ ਨਾਲ ਮੇਲ ਕੇ ਦੇਖਦੀਆਂ। ਦਾਦੀ ਆਪਣੇ ਮੂੰਹ ਅੱਗੇ ਹੱਥ ਰੱਖ ਕੇ ਗੱਲ ਕਰਦੀ ਜਿਵੇਂ ਇਹ ਕਹਿੰਦਿਆਂ ਉਸ ਨੂੰ ਸ਼ਰਮ ਆ ਰਹੀ ਹੋਵੇ, "ਦੇਖਿਆ ਬੀਬੀ(ਤਾਈ ਨੂੰ) ਹਾਅ ਪੇਸਰੀ ਦੀ ਨੂੰਹ ਮਨਸੋ ਨੂੰ, ਕਿਮੇ ਦਰਸ਼ਨ ਨਾਲ ਜੁੜ ਕੇ ਗੱਡੇ 'ਤੇ ਬੈਠੀ ਹੁੰਦੀ ਆ। ਰਤਾ ਸ਼ਰਮ-ਹਯਾ ਨੀ ਉਹਨੂੰ"। ਤਾਈ ਝੱਟ ਦਾਦੀ ਦਾ ਗੋਡਾ ਹਲੂਣ ਦੀ ਆਖਦੀ, "ਲੈ ਤੂੰ ਗੱਡੇ 'ਤੇ ਬੈਠਣ ਦੀ ਗੱਲ ਕਰਦੀ ਏਂ, ਉਹ ਤਾਂ ਕਈ ਵਾਰ ਵੇਹੜੇ ਦੇ ਗੱਭੇ ਬੈਠੇ ਹੁੰਦੇ ਆ, ਮੰਜੇ ਉੱਤੇ ਮੋਢੇ ਨਾਲ ਮੋਢਾ ਜੋੜੀ। ਸਾਰਾ ਟੱਬਰ ਉੱਥੇ ਈ ਘੁੰਮਦਾ ਹੁੰਦਾ। ਬੇਸ਼ਰਮੇ, ਜੇ ਆਪ ਤੁਹਾਨੂੰ ਸ਼ਰਮ ਨੀ ਤਾਂ ਕਿਸੇ ਦੂਜੇ ਵੱਡੇ ਦੀ ਈ ਸ਼ਰਮ ਕਰੋ।ਲੈ ਹੋਰ ਸੁਣ ਲੈ, ਮੈਨੂੰ ਤਾਂ ਏਅ ਵੀ ਕਨਸੋਅ ਮਿਲੀ ਆ, ਹਾਅ ਦਰਸ਼ਨ ਛੋਕਰਾ ਤਾਂ ਕੱਚੇ-ਕੁਆਰੇ ਈ ਲੁਕ-ਛਿਪ ਕੇ ਘੁੰਮਦਾ ਰਿਹਾ ਸਹੁਰਿਆਂ ਦੇ ਪਿੰਡ"। ਏਦਾਂ ਦੀ ਪੜਦੇ ਵਾਲੀ ਗੱਲ ਕਰਦੀ ਤਾਈ ਰਾਓ ਆਪਣੀ ਪੀੜ੍ਹੀ ਨੂੰ ਦਾਦੀ ਦੇ ਹੋਰ ਲਾਗੇ ਕਰ ਲੈਂਦੀ।

ਇਹ ਸੁਣ ਕੇ ਦਾਦੀ ਨੂੰ ਆਪਣੇ ਪਿੰਡ ਦੀ ਗੱਲ ਯਾਦ ਆ ਗਈ, "ਏਦੇ ਆਂਗ ਸਾਡੇ ਪਿੰਡ ਇੱਕ ਸਿਰ ਫਿਰਾ ਕੁੜੀ ਨੂੰ ਦੇਖਣ ਚਲੇ ਗਿਆ ਕੱਚੇ ਕੁਆਰੇ ਈ। ਹਾਲੇ ਗੱਲ ਕੱਚੀ-ਪੱਕੀ ਤੀ ਮੰਗਣ-ਵਿਆਉਣ ਦੀ। ਵਿਚਾਰੀ ਕੁੜੀ ਨੂੰ ਕੋਈ ਥੇਹ ਪਤਾ ਨਾ ਕਿ ਇਹ ਕੌਣ ਆ। ਉਨ੍ਹੇ ਰੌਲਾਂ ਪਾ ਦਿੱਤਾ। ਭਾਈ ਪਿੰਡ ਆਲਿਆਂ ਨੇ ਪੈਲ੍ਹਾਂ ਤਾਂ ਫੜ ਕੇ ਉਸ ਦੀ ਚੰਗੀ ਤੌਣੀ ਲਾਈ। ਫਿਰ ਰੱਸੇ ਨਾਲ ਬੰਨ੍ਹ ਲਿਆ। ਜੇੜ੍ਹਾ ਦੇਖਣ ਆਵੇ, ਦੋ ਛਿੱਤਰ ਮਾਰ ਕੇ ਪੁੱਛੇ ਬਈ ਤੇਰਾ ਨਾਂ ਕੀ ਆ? ਕਿੱਥੋਂ ਆਇਆਂ? ਉਹ ਮਜਨੂੰ ਬਣ ਕੇ ਬਥੇਰੇ ਹੱਥ ਪੈਰ ਜੋੜੇ, ਆਪਣਾ ਨਾਂ ਪਤਾ ਵੀ ਦੱਸਿਆ, ਪਰ ਮੰਨੇ ਕੌਣ ਉਸ ਦੀ। ਸਾਰਾ ਦਿਨ ਭੁੱਖਣ-ਭਾਣਾ ਮੱਝ ਦੇ ਖੁੰਡ ਨਾਲ ਬੰਨ੍ਹੀ ਰੱਖਿਆ। ਆਖਰ ਪਿੰਡੇ ਦੇ ਬਜ਼ੁਰਗ ਬੰਦਿਆਂ ਨੇ ਮੁੰਡੇ ਦੇ ਬਾਪ ਅਤੇ ਵਿਚੋਲੇ ਨੂੰ ਬੁਲਾਇਆ। ਉਨ੍ਹਾਂ ਦੀ ਲਾਹ ਪਾਹ ਕਰ ਕੇ ਮੁੰਡੇ ਨੂੰ

ਛੱਡ ਤਾਂ ਦਿੱਤਾ ਪਰ ਹੋਰ ਲਾਗਲੇ ਪੰਜ ਸੱਤ ਪਿੰਡਾਂ ਵਿੱਚ ਮੁਨਿਆਦੀ ਕਰਵਾ ਦਿੱਤੀ ਕਿ ਇਸ ਮੁੰਡੇ ਨਾਲ ਕੋਈ ਰਿਸ਼ਤਾ ਨਾ ਕਰੇ। ਓਅ ਦਿਨ ਗਿਆ, ਅੱਜ ਤੀਕ ਨੀ ਕੋਈ ਮੁੰਡਾ ਕੱਚੇ ਕੁਆਰੇ ਸਾਡੇ ਪਿੰਡ ਵੜਿਆ"।

ਦਾਦੀ ਤੇ ਤਾਈ ਨੂੰ ਨਵੇਂ ਜ਼ਮਾਨੇ ਦੇ ਵਿਆਹ-ਸ਼ਾਦੀਆਂ ਦੇ ਢੰਗ-ਤਰੀਕੇ ਬਿਲਕੁਲ ਪਸੰਦ ਨਾ ਆਉਂਦੇ। ਦਾਦੀ ਬੜੀ ਨਮੋਸ਼ੀ ਵਿੱਚ ਆਖਦੀ, " ਲਾਵਾਂ ਵੇਲੇ ਦੇ ਸੁੱਭਰ-ਫੁੱਲਕਾਰੀਆਂ ਤਾਂ ਮੋਢਿਆਂ ਤੱਕ ਖਿਸਕ ਕੇ ਆ ਈ ਗਏ। ਆਹ ਤੂੰ ਦੇਖਿਆਂ ਨੀ, ਰੱਖੇ ਦੀ ਕੁੜੀ ਦੀਆਂ ਲਾਵਾਂ ਹੁੰਦੀਆਂ? ਗਿੱਠ ਕੁ ਸੁੱਭਰ ਦੇ ਘੁੰਡ 'ਚੋਂ ਕੁੜੀ ਦੀਆਂ ਸਾਰੀਆਂ ਅੱਖਾਂ ਦਿਸਣ। ਸੱਚ ਦੱਸਾਂ ਮੈਨੂੰ ਤਾਂ ਬਹੁਤ ਸ਼ਰਮ ਆਈ। ਬਰਾਤੀਏ ਕੀ ਸੋਚਦੇ ਹੋਣਗੇ? ਮੈਤੋਂ ਤਾਂ ਰਹਿਆ ਨਾ ਗਿਆ। ਓਦੀ ਛੋਟੀ ਕੁੜੀ ਨੂੰ ਕਹਿ ਈ ਦਿੱਤਾ, 'ਜਾਹ ਨੀ ਮੀਤੋ ਦਾ ਸੁੱਭਰ ਰਤਾ ਹੋਰ ਅੱਗੇ ਨੂੰ ਕਰ ਆ। ਅੱਗਿਓਂ ਪਤਾ ਕੀ ਕੈਂਦੀ ਮੈਨੂੰ? ਰੈਣ ਦੇ ਤਾਈ ਗਰਮੀ ਬੌਤ ਆ"। ਵਹਗੁਰੂ ਵਾਹਗੁਰੂ ਕਹਿੰਦੇ ਉਨ੍ਹਾਂ ਦੇ ਬੁਲ੍ਹ ਬਾਹਰ ਨੂੰ ਨਿਕਲਦੇ ਤਾਂ ਉਨ੍ਹਾਂ ਦੀਆਂ ਖਾਖਾਂ ਦਾ ਮਾਸ ਅੰਦਰ ਵੱਲ ਧੱਸ ਜਾਂਦਾ। ਦਾਦੀ ਆਪਣੇ ਮੂੰਹ ਵਿੱਚੋਂ ਨਿਕਲੇ ਪਾਣੀ ਨੂੰ ਆਪਣੇ ਘਸਮੈਲੇ ਜਿਹੇ ਸਿਰ ਦੇ ਦੁਪੱਟੇ ਨਾਲ ਵਿੱਚਵਿਚਾਲੇ ਸਾਫ਼ ਕਰ ਲੈਂਦੀ।

ਦਾਦੀ ਦੇ ਚਾਹੇ ਦੰਦ ਨਹੀਂ ਸਨ ਪਰ ਉਹ ਖਾਣ ਦੀ ਸ਼ੌਕੀਨ ਸੀ ਜਾਂ ਭੁੱਖ ਜ਼ਿਆਦਾ ਲਗਦੀ ਸੀ, ਉਹ ਆਪਣੇ ਖਾਣ ਲਈ ਆਪਣੀ ਰਸੋਈ ਵਿੱਚ ਕੁੱਝ ਨਾ ਕੁੱਝ ਜ਼ਰੂਰ ਰੱਖਿਆ ਕਰਦੀ ਸੀ। ਇਹ ਸਾਨੂੰ ਪਤਾ ਹੁੰਦਾ ਸੀ। ਜਦੋਂ ਸਾਨੂੰ ਭੁੱਖ ਲਗਦੀ ਅਸੀਂ ਦਾਦੀ ਦੀ ਰਸੋਈ 'ਚ ਫਰੋਲਾ-ਫਰੋਲੀ ਸ਼ੁਰੂ ਕਰ ਦਿੰਦੇ। "ਵੇ ਆ ਜਾਵੋ ਏਧਰ! ਹੈਥੇ ਕੀ ਫਰੋਲਾ-ਫਰੋਲੀ ਕਰਦੇ ਓ, ਹੈਨੀ ਕੁੱਛ ਵੀ ਏਥੇ"। ਪਰ ਸਾਨੂੰ ਕਿਸੇ ਨਾ ਕਿਸੇ ਭਾਡੇ ਹੇਠੋਂ ਮੱਕੀ ਦੇ ਜਾਂ ਛੋਲਿਆਂ ਦੇ ਭੁੱਜੇ ਦਾਣੇ ਮਿਲ ਜਾਂਦੇ, ਜਿਹੜੇ ਦਾਦੀ ਨੇ ਪੱਥਰ ਦੇ ਮਾਮ-ਦਸਤੇ ਨਾਲ ਰਗੜ ਕੇ ਅਣਛਾਣੇ ਆਟੇ ਵਾਂਗ ਬਣਾਏ ਹੁੰਦੇ, ਜਾਂ ਕੈਹੇਂ ਦੇ ਛੰਨੇ ਵਿੱਚ ਗੁੜ ਨਾਲ ਮੱਕੀ ਦੀ ਚੂਰੀ ਹੋਈ ਰੋਟੀ ਮਿਲ ਜਾਂਦੀ। ਦਾਦੀ ਮਾਂ ਮੱਥੇ 'ਤੇ ਹੱਥ ਮਾਰਦੀ ਹੱਸਦੀ ਹੋਈ ਆਖਦੀ, "ਰੱਬੇ ਬਖਸ਼ੇ ਇਨ੍ਹਾਂ ਛੋਕਰਿਆਂ ਤੋਂ, ਜਿੱਥੇ ਮਰਜੀ ਚੀਜ਼ ਰੱਖ ਲਓਲਕੋ ਕੇ, ਪਤਾਲੋਂ ਵੀ ਲੱਭ ਲੈਣਗੇ ਇਹ। ਉਹ ਉੱਠ ਕੇ ਲੱਕੜ ਦੀ ਫਰਾਤ ਹੇਠਾਂ ਢਕੀ ਮੱਕੀ ਦੀ ਰੋਟੀ ਗੁੜ ਦੀ ਰੋੜੀ ਨਾਲ ਦੇ ਦਿੰਦੀ। ਅਸੀਂ ਉਸ ਨਾਲ ਹੀ ਪਰਚ ਜਾਂਦੇ। ਦਾਦੀ ਦੀ ਗੋਦ ਵਿੱਚ ਲਿਟ ਕੇ ਰੋਟੀ ਨੂੰ ਚੱਕ ਮਾਰਦੇ ਉੱਪਰ ਵੱਲ ਉਸ ਦੇ ਮੂੰਹ ਵੱਲ ਦੇਖਦੇ ਰਹਿੰਦੇ। ਦਾਦੀ ਸਾਡੇ ਸਿਰ ਦੇ ਵਾਲਾਂ ਵਿੱਚ ਹੱਥ ਫੇਰਦੀ ਜਾਂ ਲੱਤਾਂ ਘੁੱਟਣ ਲਗ ਪੈਂਦੀ। ਨਾਲੇ ਰਾਓ ਨੂੰ ਦੱਸਦੀ, "ਹੈਂ ਦਸ ਮੁੰਡੇ ਕਿੰਨੇ ਭੁੱਖੇ ਸੀਗੇ? ਏਨਾਂ ਦੀ ਮਾਂ ਨੂੰ ਹੈ ਕੋਈ ਫਿਕਰ ਨਿਆਣਿਆਂ ਦਾ। ਸਾਰਾ ਦਿਨ ਖੇਤਾਂ ਵਿੱਚ ਵੜੇ ਰਹਿੰਦੇ ਆ ਦੋਨੋ ਜਣੇ"। ਤਾਈ ਰਾਓ ਜਾਣ ਲਈ ਇੱਕ ਹੱਥ ਨਾਲ ਆਪਣੀ ਪੀੜ੍ਹੀ ਤੇ ਦੂਜੇ ਨੂੰ ਆਪਣੇ ਗੋਡੇ 'ਤੇ ਰੱਖ ਕੇ ਉੱਠਦੀ ਆਖਦੀ, " ਰਾਜੋ ਭਲੀਏ! ਤੂੰ ਤਾਂ ਕਿਸਮਤ ਵਾਲੀ ਆਂ, ਪੋਤੇ-ਪੋਤੀਆਂ ਨੂੰ ਏਦਾਂ ਖਿਡਾਉਂਦੀ ਆਂ। ਮੇਰੇ ਤਾਂ ਰਾਹ ਵਾਟੇ ਮਿਲ ਜਾਣ ਤਾਂ ਹਾਂ ਕਰ ਲੈਣਗੇ, ਉਹ ਵੀ ਮੇਰੇ ਬੁਲਾਉਣ 'ਤੇ ਨਈ ਤਾਂ ਚੁੱਪਚਾਪ ਲੰਘ ਜਾਂਦੇ ਆ ਕੋਲੋਂ। ਅੱਛਾ ਭੈਣੇ, ਮੇਰੀ ਇਵੇਂ ਈ ਲੰਘਣੀ ਹੋਊ"

ਦਾਦੀ-ਮਾਂ ਦੀਆਂ ਇਹ ਯਾਦਾਂ ਸਾਡਾ ਬਹੁਮੁੱਲਾ ਖ਼ਜ਼ਾਨਾ ਹੈ। ਹੁਣ ਅਸੀਂ ਦਾਦਾ-ਦਾਦੀ ਬਣ ਗਏ ਹਾਂ ਪਰ ਕੋਈ ਪੋਤਾ-ਪੋਤੀ ਸਾਡੇ ਨਾਲ ਅਜਿਹੀਆਂ ਸ਼ਰਾਰਤਾਂ ਜਾਂ ਅਠਖੇਲ਼ੀਆਂ ਕਰਨ ਵਾਲਾ ਸਾਡੇ ਪਾਸ ਨਹੀਂ ਹੈ। ਇਹ ਸਭ ਸਮੇਂ ਦਾ ਖੇਲ੍ਹ ਹੈ।

* * * * *



## ਮੈਗਜ਼ੀਨ ਸੈਣੀ ਸੰਸਾਰ ਦੇ ਨਵੇਂ 5 ਸਾਲਾ ਮੈਂਬਰ

ਜਗਦੇਵ ਸਿੰਘ
ਸੈਣੀ ਭਵਨ ਰੂਪਨਗਰ

1. **ਸ. ਜਸਵਿੰਦਰ ਸਿੰਘ** # ਜਗਜੀਤ ਨਗਰ, ਰੋਪੜ।
2. **ਸ. ਪ੍ਰਿਤਪਾਲ ਸਿੰਘ ਜਟਾਣਾ** # 1104, 49-ਬੀ, ਚੰਡੀਗੜ੍ਹ,
3. **ਸ. ਦਵਿੰਦਰ ਸਿੰਘ,** ਮਾਡਲ ਟਾਊਨ, ਰੋਪੜ।
4. **ਸ. ਮੋਹਣ ਸਿੰਘ,** ਪਿੰਡ ਪਪਰਾਲਾ, ਰੋਪੜ।
5. **ਸ. ਸੁਰਿੰਦਰ ਸਿੰਘ,** ਗਿਲਕੋ ਵੈਲੀ, ਰੋਪੜ।
6. **ਸ਼੍ਰੀਮਤੀ ਜਤਿੰਦਰ ਕੌਰ** ਸੈਣੀ, ਨੇੜੇ ਸੈਣੀ ਭਵਨ, ਰੋਪੜ
7. **ਸ. ਤਾਰਾ ਸਿੰਘ,** ਕੀਰਤੀ ਵਿਹਾਰ, ਰੋਪੜ
8. **ਸ. ਗੁਰਦਿਆਲ ਸਿੰਘ,** # 123, ਮਾਡਲ ਟਾਊਨ, ਰੋਪੜ
9. **ਸ. ਗੁਰਨਾਮ ਸਿੰਘ,** # 296, ਗਿਲਕੋ ਵੈਲੀ, ਰੋਪੜ।
10. **ਸ. ਹਜ਼ੂਰਾ ਸਿੰਘ,** # 6, ਕੀਰਤੀ ਵਿਹਾਰ, ਰੋਪੜ।
11. **ਸ. ਗੁਰਿੰਦਰ ਸਿੰਘ,** ਪਿੰਡ ਰੁੜਕੀ ਖਾਸ, ਮੁਹਾਲੀ।
12. **ਸ. ਮਨਦੀਪ ਸਿੰਘ,** ਵਾਰਡ ਨੰ. 16, ਗੜ੍ਹਸ਼ੰਕਰ।
13. **ਸ. ਕਰਨੈਲ ਸਿੰਘ,** ਨਰਿੰਦਰਾ ਕਲੋਨੀ, ਰੋਪੜ।
14. **ਸ. ਇੰਦਰਜੀਤ ਸਿੰਘ,** # 368, ਦਸ਼ਮੇਸ ਨਗਰ, ਰੋਪੜ।
15. **ਸ. ਰਜਿੰਦਰ ਸਿੰਘ,** # 120, ਅਮਰ ਕਲੋਨੀ, ਰੋਪੜ
16. **ਸ. ਜਗਜੀਤ ਸਿੰਘ,** ਪਿੰਡ ਗੋਬਿੰਦਪੁਰ, ਨਵਾਂਸ਼ਹਿਰ।
17. **ਸ. ਗੁਰਮੀਤ ਸਿੰਘ,** # 4648, ਹਵੇਲੀ ਕਲਾਂ, ਰੋਪੜ।
18. **ਸ. ਹਰਬੰਸ ਸਿੰਘ,** ਸੁਖਰਾਮਪੁਰ ਟੱਪਰੀਆਂ, ਰੋਪੜ।
19. **ਸ. ਇਕਬਾਲ ਸਿੰਘ,** ਸਨਸਿਟੀ, ਰੋਪੜ।

* * * * *

........ਸਫ਼ਾ 8 ਦੀ ਬਾਕੀ

ਨਸ਼ਿਆਂ ਕਾਰਨ ਬਹੁਤ ਸਾਰੇ ਨੌਜਵਾਨ ਬਰਬਾਦ ਹੋ ਰਹੇ ਹਨ ਅਤੇ ਪਰਿਵਾਰ ਨੂੰ ਵੀ ਇਨ੍ਹਾਂ ਨਸ਼ਿਆਂ ਕਾਰਨ ਜਾਨੀ ਅਤੇ ਮਾਲੀ ਨੁਕਸਾਨ ਉਠਾਉਣਾ ਪੈ ਰਿਹਾ ਹੈ ਅੱਜ ਦਾ ਇਹ ਸੰਮੇਲਨ ਸਾਰੀ ਬਰਾਦਰੀ ਦੇ ਪਰਿਵਾਰਾਂ ਨੂੰ ਸੱਦਾ ਦਿੰਦਾ ਹੈ ਕਿ ਆਪਣੇ ਬੱਚਿਆ ਨੂੰ ਨਸ਼ਿਆਂ ਤੋਂ ਬਚਾ ਕੇ ਸਮਾਜ ਨੂੰ ਨਰੋਆ ਬਣਾਇਆ ਜਾਵੇ।

* * * * *

ਜੀਵਨ ਜਾਚ

ਹਰਪ੍ਰੀਤ ਕੌਰ ਸੰਧੂ

# ਭੁੱਲਣ ਦੀ ਆਦਤ ਪਾ ਸੱਜਣਾ

ਜ਼ਿੰਦਗੀ ਵਿੱਚ ਭੁੱਲਣਾ ਬਹੁਤ ਜ਼ਰੂਰੀ ਹੈ। ਜੇਕਰ ਤੁਸੀਂ ਹਰ ਗੱਲ ਨੂੰ ਯਾਦ ਰਖਦੇ ਹੋ ਤਾਂ ਤੁਹਾਡੀ ਜ਼ਿੰਦਗੀ ਕਦੇ ਸੌਖੀ ਨਹੀਂ ਹੋ ਸਕਦੀ। ਬਹੁਤ ਕੁੱਝ ਅਜਿਹਾ ਹੁੰਦਾ ਹੈ ਜਿਸ ਨੂੰ ਭੁੱਲ ਜਾਣਾ ਬਿਹਤਰ ਹੁੰਦਾ। ਮਨੁੱਖ ਦੀ ਜ਼ਿੰਦਗੀ ਚੰਗੀਆਂ-ਮੰਦੀਆਂ ਤੇ ਔਖੀਆਂ-ਸੌਖੀਆਂ ਬਹੁਤ ਸਾਰੀਆਂ ਗੱਲਾਂ ਤੇ ਘਟਨਾਵਾਂ ਦਾ ਮੇਲ ਹੁੰਦੀ ਹੈ।

ਕਦੇ ਕਦੇ ਕੁੱਝ ਅਜਿਹਾ ਵਾਪਰਦਾ ਹੈ ਜਾਂ ਕੋਈ ਕੁੱਝ ਅਜਿਹਾ ਕਹਿੰਦਾ ਹੈ ਜੋ ਜ਼ਿੰਦਗੀ ਦੀ ਸਭ ਤੋਂ ਵੱਡੀ ਪੀੜ ਬਣ ਜਾਂਦਾ ਹੈ। ਬੰਦਾ ਚਾਹੁੰਦੇ ਹੋਏ ਵੀ ਉਸ ਨੂੰ ਭੁੱਲ ਨਹੀਂ ਸਕਦਾ। ਜਦੋਂ ਕਦੋਂ ਕਿਤੇ ਕੋਈ ਗੱਲ ਚੱਲਦੀ ਹੈ ਤਾਂ ਉਹ ਸਾਰੀ ਘਟਨਾ ਰੀਲ੍ਹ ਵਾਂਗ ਬੰਦੇ ਦੇ ਮੂਹਰੇ ਘੁੰਮ ਜਾਂਦੀ ਹੈ। ਅਜਿਹੇ ਵਿੱਚ ਜੇ ਉਹ ਚਾਹੇ ਵੀ ਕਿ ਇਸ ਨੂੰ ਭੁੱਲ ਜਾਵੇ ਤਾਂ ਕਿਵੇਂ ਭੁੱਲੇ?

ਸਾਨੂੰ ਬਣਾਉਣ ਵਾਲੀ, ਸਾਨੂੰ ਪਾਲਣ ਵਾਲੀ ਇਸ ਕੁਦਰਤ ਦੀ ਸਮਝ ਸਾਡੇ ਨਾਲੋਂ ਕਿਤੇ ਜ਼ਿਆਦਾ ਹੈ। ਜੇਕਰ ਭੁੱਲਣਾ ਬਣਿਆਂ ਹੈ ਤਾਂ ਜ਼ਰੂਰ ਇਸ ਦਾ ਕੋਈ ਫਾਇਦਾ ਹੋਵੇਗਾ। ਸੋਚੋ! ਜੇ ਸਾਨੂੰ ਸਾਰੀਆਂ ਹੀ ਗੱਲਾਂ ਯਾਦ ਰਹਿਣ, ਅਸੀਂ ਕੁੱਝ ਵੀ ਨਾ ਭੁੱਲੀਏ ਤਾਂ ਕੀ ਅਸੀਂ ਜੀਅ ਸਕਦੇ ਹਾਂ? ਸੰਭਵ ਹੀ ਨਹੀਂ। ਰਿਸ਼ਤਿਆਂ ਵਿੱਚ, ਦੋਸਤੀ ਵਿੱਚ ਅਤੇ ਆਪਸੀ ਨੇੜਤਾ ਵਿੱਚ ਅਜਿਹਾ ਬਹੁਤ ਕੁੱਝ ਹੁੰਦਾ ਹੈ ਜੋ ਮੌਕੇ ਦੇ ਹਿਸਾਬ ਨਾਲ ਸੰਵੇਦਨਾ ਦੇ ਵੇਗ ਵਿੱਚ ਕਹਿ ਦਿੱਤਾ ਜਾਂਦਾ ਹੈ। ਬਾਅਦ ਵਿੱਚ ਸਾਨੂੰ ਅਕਸਰ ਉਸ ਦਾ ਪਛਤਾਵਾ ਹੁੰਦਾ ਹੈ। ਅਜਿਹੇ ਵਿੱਚ ਜਿਸ ਪਿਆਰੇ ਦੇ ਦਿਲ ਨੂੰ ਠੇਸ ਲੱਗੀ ਹੈ, ਜੇ ਉਹ ਉਸ ਨੂੰ ਭੁੱਲੇ ਨਾ ਤਾਂ ਜ਼ਿੰਦਗੀ ਕਿਵੇਂ ਚੱਲੇਗੀ? ਰਿਸ਼ਤਾ ਕਿਵੇਂ ਨਿਭੇਗਾ?

ਅਕਸਰ ਅਸੀਂ ਛੋਟੀਆਂ ਛੋਟੀਆਂ ਗੱਲਾਂ ਭੁੱਲ ਜਾਂਦੇ ਹਾਂ, ਪਰ ਵੱਡੀਆਂ ਗੱਲਾਂ ਨੂੰ ਯਾਦ ਰੱਖਦੇ ਹਾਂ। ਕਿਸੇ ਦੀ ਕਹੀ ਚੰਗੀ ਗੱਲ ਨੂੰ ਭੁੱਲ ਜਾਂਦੇ ਹਾਂ, ਪਰ ਬੁਰੀ ਗੱਲ ਨੂੰ ਯਾਦ ਰਖਦੇ ਹਾਂ। ਉਹ ਜੋ ਸਾਨੂੰ ਖੁਸ਼ੀ ਦਿੰਦਾ ਹੈ, ਉਹ ਭੁੱਲ ਜਾਂਦਾ ਹੈ ਤੇ ਉਹ ਪਲ ਜਿਸ ਨੇ ਸਾਨੂੰ ਦੁੱਖ ਦਿੱਤਾ ਹੋਵੇ, ਉਹ ਸਾਨੂੰ ਹਮੇਸ਼ਾਂ ਯਾਦ ਰਹਿੰਦਾ ਹੈ।

ਮਨੋਵਿਗਿਆਨ ਕਹਿੰਦਾ ਹੈ ਕਿ ਮਨੁੱਖ ਹਰ ਗੱਲ ਨੂੰ ਕੁੱਝ ਸਮੇਂ ਲਈ ਯਾਦ ਰੱਖਦਾ ਹੈ। ਗੱਲ ਨੂੰ ਮਹਿਸੂਸ ਕਰਨ ਦੀ ਕੁੱਝ ਪਲ ਬਹੁਤ ਜ਼ਿਆਦਾ ਤੀਬਰਤਾ ਹੁੰਦੀ ਹੈ। ਫਿਰ ਥੋੜ੍ਹੀ ਥੋੜ੍ਹੀ ਘਟ ਜਾਂਦੀ ਹੈ। ਇੱਕ ਸਮਾਂ ਆਉਂਦਾ ਹੈ ਜਦੋਂ ਉਸ ਗੱਲ ਦਾ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਬੱਸ ਇਸ ਅਵਸਥਾ ਤੱਕ ਪਹੁੰਚਣ ਲਈ ਸਮਾਂ ਲਗ ਜਾਂਦਾ ਹੈ। ਅਸੀਂ ਗੱਲ ਨੂੰ ਭੁੱਲ ਜਾਂਦੇ ਹਾਂ ਪਰ ਸਾਡਾ ਆਲਾਦੁਆਲਾ, ਸਾਡੇ ਸਾਥੀ ਤੇ ਅਸੀਂ ਆਪ ਆਪਣੇ ਆਪ ਨੂੰ ਵਾਰ ਵਾਰ ਉਹ ਗੱਲ ਯਾਦ ਕਰਾਉਂਦੇ ਹਾਂ ਜਿਸ ਨੂੰ ਭੁੱਲਣਾ ਜ਼ਰੂਰੀ ਹੈ।

ਹਰ ਇਨਸਾਨ ਦਿਨ ਵਿੱਚ ਕੁੱਝ ਸਮਾਂ ਸੰਵੇਦਨਾ ਦੇ ਵੇਗ ਵਿੱਚ ਹੁੰਦਾ ਹੈ। ਅਜਿਹੇ ਵਿੱਚ ਉਹ ਕਈ ਵਾਰ ਉਹ ਵੀ ਕਹਿ ਦਿੰਦਾ ਹੈ ਜੋ ਅਕਸਰ ਉਹ ਮਹਿਸੂਸ ਨਹੀਂ ਕਰਦਾ। ਇਹ ਬੱਸ ਓਪਰੀ ਜਿਹੀ ਗੱਲ ਹੁੰਦੀ ਹੈ। ਇਸ ਨੂੰ ਅਸੀਂ ਉਹ ਅਰਥ ਦੇ ਦਿੰਦੇ ਹਾਂ ਜੋ ਕਹਿਣ ਵਾਲੇ ਦੇ ਹੁੰਦੇ ਹੀ ਨਹੀਂ। ਬੱਸ ਇੱਥੇ ਹੀ ਸਮੱਸਿਆ ਸ਼ੁਰੂ ਹੁੰਦੀ ਹੈ। ਕਿਸੇ ਨੇ ਜ਼ਰਾ ਜਿਹੀ ਗੱਲ ਕਹੀ ਤੇ ਅਸੀਂ ਆਪਣੇ ਹਿਸਾਬ ਨਾਲ ਉਸ ਨੂੰ ਇੱਕ ਅਰਥ ਦੇ ਕੇ ਦਿਮਾਗ ਵਿੱਚ ਬਿਠਾ ਲਿਆ। ਕੁੱਝ ਸਮਾਂ ਪਾ ਕੇ ਗੱਲ ਭੁੱਲ ਗਈ, ਪਰ ਅਸੀਂ ਫਿਰ ਆਪਣੇ ਆਪ ਨੂੰ ਯਾਦ ਕਰਵਾਈ। ਇਸ ਤਰ੍ਹਾਂ ਕਰਦਿਆਂ ਕਰਦਿਆਂ ਉਹ ਗੱਲ ਇੰਨੀ ਕੁ ਪੱਕ ਜਾਂਦੀ ਹੈ ਕਿ ਰਿਸ਼ਤਾ ਟੁੱਟ ਜਾਂਦਾ ਹੈ।

ਫਿਰ ਅਸੀਂ ਇਹ ਸੋਚਦੇ ਹਾਂ ਕਿ ਜਿਹੜਾ ਚਲਾ ਗਿਆ, ਉਸ ਨੂੰ ਭੁੱਲ ਜਾਓ। ਚਾਹੀਦਾ ਤਾਂ ਇਹ ਹੈ ਕਿ ਉਸ ਦੀ ਗੱਲ ਨੂੰ ਭੁੱਲ ਜਾਓ। ਕਿਸੇ ਵੀ ਮਨੁੱਖ ਨੂੰ ਉਸ ਦੀ ਕਿਸੇ ਇੱਕ ਗੱਲ ਦੇ ਆਧਾਰ 'ਤੇ ਪਰਖਣਾ ਸਹੀ ਨਹੀਂ। ਕਦੇ ਉਹ ਵੀ ਮਾਨਸਿਕ ਤਣਾਅ ਵਿੱਚ ਹੋ ਸਕਦਾ ਹੈ। ਹੋ ਸਕਦਾ ਹੈ ਕਿ ਕਿਸੇ ਵੇਲੇ ਉਸ ਨੂੰ ਪਤਾ ਹੀ ਨਾ ਲੱਗੇ ਕਿ ਉਸ ਨੇ ਕੀ ਕਹਿ ਦਿੱਤਾ। ਅਸੀਂ ਵੀ ਤਾਂ ਕਈ ਵਾਰ ਇਹ ਗੱਲ ਕਹਿੰਦੇ ਹਾਂ ਕਿ ਮੈਂ ਇਹ ਕਹਿਣਾ ਨਹੀਂ ਸੀ ਚਾਹੁੰਦਾ, ਮੇਰਾ ਮਤਲਬ ਇਹ ਨਹੀਂ ਸੀ।

ਜ਼ਰੂਰਤ ਬਸ ਇਸ ਗੱਲ ਨੂੰ ਸਮਝਣ ਦੀ ਹੈ। ਜੋ ਕਿਹਾ ਗਿਆ ਹੈ, ਉਹ ਪੱਥਰ 'ਤੇ ਲਕੀਰ ਨਹੀਂ ਹੁੰਦੀ। ਜੋ ਕਿਹਾ ਗਿਆ ਹੈ, ਉਹ ਹਰ ਵਾਰ ਮਨ ਦੀ ਭਾਵਨਾ ਨਹੀਂ ਹੁੰਦੀ। ਬਹੁਤ ਵਾਰ ਕਿਸੇ ਹੋਰ ਦੀ ਖਿਝ ਕਿਤੇ ਹੋਰ ਨਿਕਲ ਜਾਂਦੀ ਹੈ। ਇਹ ਹਮੇਸ਼ਾਂ ਯਾਦ ਰੱਖੋ ਕਿ ਬੰਦਾ ਜੇ ਆਪਣਿਆਂ ਨੂੰ ਪਿਆਰ ਕਰਦਾ ਹੈ ਤਾਂ ਗੁੱਸਾ ਵੀ ਆਪਣਿਆਂ 'ਤੇ ਹੀ ਦਿਖਾਉਂਦਾ ਹੈ। ਜੇ ਉਹ ਤੁਹਾਨੂੰ ਕਿਤੇ ਕੋਈ ਚੁਭਵੀਂ ਗੱਲ ਕਹਿ ਵੀ ਦੇਵੇ ਤਾਂ ਉਸ ਨੂੰ ਨਜ਼ਰਅੰਦਾਜ਼ ਕਰਨਾ ਸਿੱਖੋ। ਇਹ ਜ਼ਰੂਰੀ ਨਹੀਂ ਹੁੰਦਾ ਕਿ ਉਸ ਦਾ ਮਤਲਬ ਉਹੀ ਹੋਵੇ ਜੋ ਸਾਨੂੰ ਲੱਗ ਰਿਹਾ ਹੈ। ਜਦੋਂ ਕਿਤੇ ਚੰਗੇ ਪਲਾਂ ਵਿੱਚ ਬੈਠੋਂ ਤਾਂ ਉਸ ਨਾਲ ਉਹ ਗੱਲ ਜ਼ਰੂਰ ਕਰੋ। ਉਸ ਨੂੰ ਦੱਸੋ ਕਿ ਉਸ ਦੇ ਕਹੇ 'ਤੇ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋਇਆ ਸੀ। ਗੱਲ ਨੂੰ ਗੰਢ ਬੰਨ੍ਹਣ ਨਾਲੋਂ ਸਾਂਝੀ ਕਰ ਲੈਣਾ ਬਿਹਤਰ ਹੈ।

ਜਿਹੜੀ ਗੱਲ ਹੋ ਗਈ, ਉਸ ਨੂੰ ਭੁੱਲ ਜਾਓ। ਕਹਿੰਦੇ ਨੇ, 'ਜੋ ਚਲਾ ਗਿਆ ਉਸੇ ਭੂਲ ਜਾ ਕਿ ਲੌਟ ਕੇ ਵੋਹ ਨਾ ਆਏਗਾ'। ਇਸੇ ਲਈ ਬੀਤੇ ਹੋਏ ਸਮੇਂ ਦੀਆਂ ਗੱਲਾਂ ਨੂੰ ਭੁੱਲ ਜਾਣਾ ਹੀ ਬਿਹਤਰ ਹੈ। ਜਦੋਂ ਜਾਗੋ ਉਦੋਂ ਸਵੇਰਾ। ਰਿਸ਼ਤਿਆਂ ਨੂੰ ਬਿਹਤਰ ਬਣਾਉਣ ਲਈ ਬਹੁਤ ਕੁੱਝ ਨਜ਼ਰਅੰਦਾਜ਼ ਕਰਨਾ ਪੈਂਦਾ ਹੈ। ਅੱਜਕਲ੍ਹ ਦੀ ਪੀੜ੍ਹੀ ਵਿੱਚ ਸਹਿਣਸ਼ੀਲਤਾ ਘੱਟ ਹੁੰਦੀ ਜਾ ਰਹੀ ਹੈ। ਯਾਦ ਰੱਖੋ! ਜਿੱਥੇ ਸਹਿਣਸ਼ੀਲਤਾ ਨਾ ਹੋਵੇ, ਉੱਥੇ ਪਿਆਰ ਵੀ ਨਹੀਂ ਹੁੰਦਾ। ਜਦੋਂ ਅਸੀਂ ਕਿਸੇ ਨੂੰ

ਅਪਣਾਉਂਦੇ ਹਾਂ ਤਾਂ ਉਸ ਦੇ ਚੰਗੇ-ਬੁਰੇ ਹਰ ਤਰ੍ਹਾਂ ਦੇ ਰੂਪ ਨੂੰ ਅਪਣਾਉਂਦੇ ਹਾਂ।

ਬੀਤੀ ਗੱਲ ਨੂੰ ਜਿੰਨੀ ਜਲਦੀ ਛੱਡ ਦਿਓਗੇ, ਓਨੇ ਹੀ ਚੰਗੇ ਰਹੋਗੇ। ਕਿਸੇ ਵੀ ਪਲ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ। ਹੁਣ ਕੰਮਾਂ ਕਾਰਾਂ ਵਿੱਚ ਉਲਝੇ ਮਨੁੱਖ ਕੋਲ ਇੰਨਾ ਸਮਾਂ ਹੀ ਕਿੱਥੇ ਹੈ ਕਿ ਉਹ ਬੈਠ ਕੇ ਗੱਲਾਂ ਦੇ ਮਤਲਬ ਕੱਢੇ ਤੇ ਪਰੇਸ਼ਾਨ ਹੋਵੇ। ਮਾਨਸਿਕ ਪਰੇਸ਼ਾਨੀਆਂ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਇਹ ਅਸੀਂ ਆਪ ਸਹੇੜਦੇ ਹਾਂ। ਜੇ ਦੂਜਾ ਭੁੱਲ ਜਾਵੇ ਤਾਂ ਉਸ ਨੂੰ ਵਾਰ ਵਾਰ ਯਾਦ ਵੀ ਕਰਾਉਂਦੇ ਹਾਂ। ਆਪਣੇ ਰਿਸ਼ਤਿਆਂ ਨੂੰ ਬਿਹਤਰ ਬਣਾਉਣਾ ਚਾਹੁੰਦੇ ਹੋ ਤਾਂ ਇਹ ਕਦੇ ਨਾ ਕਰੋ। ਜਿਹੜੀ ਗੱਲ ਬੀਤ ਗਈ, ਉਸ ਨੂੰ ਭੁੱਲ ਜਾਓ। ਉਸ ਦਾ ਦੁਬਾਰਾ ਜ਼ਿਕਰ ਵੀ ਨਾ ਕਰੋ।

ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਣ ਲਈ ਭੁੱਲਣਾ ਬਹੁਤ ਜ਼ਰੂਰੀ ਹੈ। ਖੁਸ਼ ਰਹਿਣਾ ਹੈ ਤਾਂ ਅੱਗੇ ਦਾ ਸੋਚੋ। ਖੁਸ਼ ਰਹਿਣਾ ਸਿੱਖਣ ਦਾ ਸਭ ਤੋਂ ਸੌਖਾ ਤਰੀਕਾ ਇਹੀ ਹੈ ਕਿ ਦੁੱਖ ਦੇਣ ਵਾਲੀ ਗੱਲ ਨੂੰ ਭੁੱਲ ਜਾਓ। ਇੱਕ-ਦੂਜੇ ਦੀ ਚੁਭਵੀਂ ਗੱਲ ਨੂੰ ਨਜ਼ਰਅੰਦਾਜ਼ ਕਰ ਦਿਓ। ਬਸ ਥੋੜ੍ਹਾ ਜਿਹਾ ਆਪਣੇ ਆਪ ਨੂੰ ਬਦਲ ਲਓ। ਫਿਰ ਦੇਖਣਾ ਜ਼ਿੰਦਗੀ ਕਿੰਨੀ ਖ਼ੂਬਸੂਰਤ ਹੈ। ਡਾ,ਬਸ਼ੀਰ ਬਦਰ ਨੇ ਠੀਕ ਹੀ ਕਿਹਾ ਹੈ:-

" ਦੁਸ਼ਮਨੀ ਜਮ ਕਰ ਕਰੋ ਲੇਕਿਨ ਯੇ ਗੁੰਜਾਇਸ਼ ਰਹੇ, ਜਬ ਕਭੀ ਹਮ ਦੋਸਤ ਹੋ ਜਾਏਂ ਤੋ ਸ਼ਰਮਿੰਦਾ ਨ ਹੋਂ।

ਦੁਸ਼ਮਨੀ ਕਾ ਸਫ਼ਰ ਇੱਕ ਕਦਮ ਦੋ ਕਦਮ, ਹਮ ਭੀ ਥੱਕ ਜਾਏਂਗੇ, ਤੁਮ ਭੀ ਥੱਕ ਜਾਓਗੇ"।

(ਪੰਜਾਬੀ ਟ੍ਰਿਬਿਊਨ ਵਿੱਚੋਂ ਧੰਨਵਾਦ ਸਹਿਤ)

❊ ❊ ❊ ❊ ❊

## ਫੁੱਟਬਾਲ ਦੇ ਮਹਾਂਕੁੰਭ, ਫੀਫਾ ਦਾ ਆਗਾਜ਼

ਚਾਰ ਸਾਲਾਂ ਬਾਅਦ ਕੁੱਲ ਦੁਨੀਆਂ ਦੇ ਫੁੱਟਬਾਲ ਪ੍ਰੇਮੀਆਂ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਲੇ ਫੀਫਾ (Federation Internationale de Football Association) ਦਾ ਆਗਾਜ਼ 11 ਜੂਨ, 2026 ਨੂੰ ਮੈਕਸੀਕੋ ਦੇ ਅਸਟੇਡੀਓ ਐਜ਼ਟੈਕਾ ਸਟੇਡੀਅਮ ਵਿਖੇ ਹੋ ਗਿਆ ਹੈ। ਪਹਿਲੀ ਵਾਰ ਤਿੰਨ ਦੇਸ਼ਾਂ-ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਦੀ ਸਾਂਝੀ ਮੇਜ਼ਬਾਨੀ ਵਿੱਚ 11 ਜੂਨ ਤੋਂ 19 ਜੁਲਾਈ ਤੱਕ 16 ਸ਼ਹਿਰਾਂ ਵਿੱਚ ਖੇਡੇ ਜਾਣ ਵਾਲੇ 104 ਮੈਚਾਂ ਦੇ ਇਸ ਵਿਸ਼ਵ ਕੱਪ ਮੁਕਾਬਲੇ ਵਿੱਚ 48 ਮੁਲਕਾਂ ਦੀਆਂ ਟੀਮਾਂ ਭਾਗ ਲੈਣਗੀਆਂ। ਇਨ੍ਹਾਂ 48 ਟੀਮਾਂ ਨੂੰ 12 ਗਰੁੱਪਾਂ ਵਿੱਚ ਵੰਡਿਆ ਗਿਆ ਹੈ। ਇਸ ਵਾਰ ਜੌਰਡਨ, ਉਜ਼ਬੇਕਿਸਤਾਨ, ਕੁਰਾਸਾਓ ਅਤੇ ਕੇਪ ਵਰਡੀ ਪਹਿਲੀ ਵਾਰ ਇਸ ਵਿੱਚ ਭਾਗ ਲੈਣਗੀਆਂ ਜਦੋਂ ਕਿ ਚਾਰ ਵਾਰ ਦੀ ਚੈਂਪੀਅਨ ਇਟਲੀ ਕੁਆਲੀਫਾਈ ਵੀ ਨਹੀਂ ਕਰ ਸਕੀ। 1930 ਵਿੱਚ ਆਰੰਭ ਹੋਏ ਇਸ ਮੁਕਾਬਲੇ ਵਿੱਚ 13 ਟੀਮਾਂ ਨੇ ਭਾਗ ਲਿਆ ਸੀ।

## ਸੈਣੀ ਸੰਮੇਲਨ ਸਮੇਂ ਸਨਮਾਨਿਤ ਵਿਅਕਤੀ

1. **ਸ਼੍ਰੀ ਦੇਸ ਰਾਜ ਪੁੱਤਰ** ਸ਼੍ਰੀ ਕਰਮ ਚੰਦ,# ਸੈਣੀ ਮਾਜਰਾ, ਜ਼ਿਲ੍ਹਾ ਪਰਿਸ਼ਦ ਮੈਂਬਰ, ਜੋਨ-ਤਖਤਗੜ੍ਹ(ਰੂਪਨਗਰ)

2. **ਸ਼੍ਰੀਮਤੀ ਮਨਜੀਤ ਕੌਰ** ਪਤਨੀ ਸ.ਜਗਦੀਪ ਸਿੰਘ, ਥਲੀ ਕਲਾਂ,ਬਲਾਕ ਸੰਮਤੀ ਮੈਂਬਰ, ਮਕੌੜੀ ਕਲਾਂ, ਰੋਪੜ।

3. **ਸ.ਅੰਮ੍ਰਿਤਪਾਲ ਸਿੰਘ** ਪੁੱਤਰ ਸ. ਮਨਜੀਤ ਸਿੰਘ, ਪਿੰਡ-ਫੂਲ ਖੁਰਦ, ਬਲਾਕ ਸੰਮਤੀ ਮੈਂਬਰ- ਖੈਰਾਬਾਦ।

4. **ਸ਼੍ਰੀਮਤੀ ਰਾਜਵਿੰਦਰ ਕੌਰ** ਪਤਨੀ ਸ. ਜਤਿੰਦਰ ਸਿੰਘ ਪਿੰਡ-ਫਰੋਜਪੁਰ, ਬਲਾਕ ਸੰਮਤੀ ਮੈਂਬਰ, ਬੇਲਾ।

5. **ਸ਼੍ਰੀਮਤੀ ਰਣਜੀਤ ਕੌਰ** ਪਤਨੀ ਸ.ਭੁਪਿੰਦਰ ਸਿੰਘ,ਪਿੰਡ-ਖੇੜੀ ਸਲਾਬਤਪੁਰ, ਬਲਾਕ ਸੰਮਤੀ ਮੈਂਬਰ, ਜੋਨ-ਭਲਿਆਣ

6. **ਸ਼੍ਰੀ ਹੇਮੰਤ ਕੁਮਾਰ** ਪੁੱਤਰ ਸ਼੍ਰੀ ਮੋਹਨ ਸਿੰਘ,ਪਿੰਡ-ਸੈਣੀ ਮਾਜਰਾ, ਬਲਾਕ ਸੰਮਤੀ ਮੈਂਬਰ,ਜੋਨ-ਸਸਕੌਰ(ਰੂਪਨਗਰ)

7. **ਸ਼੍ਰੀਮਤੀ ਮਨਪ੍ਰੀਤ ਕੌਰ** ਪਤਨੀ ਸ. ਸੁਖਵਿੰਦਰ ਸਿੰਘ,ਪਿੰਡ-ਲਸਾੜਾ, ਜਲੰਧਰ ਬਲਾਕ ਸੰਮਤੀ ਮੈਂਬਰ।

8 **ਸ.ਭੁਪਿੰਦਰ ਸਿੰਘ** ਪੁੱਤਰ ਸ. ਦਰਸ਼ਨ ਸਿੰਘ, ਪਿੰਡ-ਭਾਰਟਾ ਖੁਰਦ, ਬਲਾਕ ਸੰਮਤੀ ਮੈਂਬਰ ਜੋਨ-ਬਜੀਦਪੁਰ (ਨਵਾਂਸ਼ਹਿਰ)

9. **ਸ਼੍ਰੀਮਤੀ ਹਰਦੀਪ ਕੌਰ** ਪਤਨੀ ਸ.ਨਵਜੋਤ ਸਿੰਘ, ਬਲਾਕ ਸੰਮਤੀ ਮੈਂਬਰ ਪਿੰਡ ਤੇ ਜੋਨ-ਨੰਗਲ ਸ਼ਹੀਦਾਂ(ਹੁਸ਼ਿਆਰਪੁਰ)

10. **ਸ਼੍ਰੀ ਬੰਟੀ ਬਿੰਜਲ** ਪੁੱਤਰ ਸ਼੍ਰੀ ਕਸ਼ਮੀਰੀ ਲਾਲ,ਪਿੰਡ-ਬਿੰਜਲ, ਬਲਾਕ ਸੰਮਤੀ ਮੈਂਬਰ ਜੋਨ-ਸਨੌਰ(ਪਟਿਆਲਾ)

11. **ਸ਼੍ਰੀਮਤੀ ਗੁਰਪ੍ਰੀਤ ਕੌਰ** ਪਿੰਡ-ਕਟਲੀ (ਰੂਪਨਗਰ), ਰਾਸ਼ਟਰੀ ਸਨਮਾਨ ਪ੍ਰਾਪਤ ਸਫਲ ਸਰਪੰਚ

12. **ਸ਼੍ਰੀਮਤੀ ਜਸਵੰਤ ਕੌਰ** ਪਿੰਡ-ਪਪਰਾਲਾ(ਰੂਪਨਗਰ), ਰਾਸ਼ਟਰੀ ਸਨਮਾਨ ਪ੍ਰਾਪਤ ਸਫਲ ਸਰਪੰਚ

13 **ਮਾਸਟਰ ਜੋਗਿੰਦਰ ਸਿੰਘ**, ਪਿੰਡ-ਸੈਣੀ ਮਾਜਰਾ(ਰੂਪਨਗਰ), ਰਾਸ਼ਟਰੀ ਪੱਧਰ ਦਾ ਬਜ਼ੁਰਗ ਦੌੜਾਕ

14 **ਸ. ਸ਼ਮਿੰਦਰ ਸਿੰਘ ਭੱਕੂ ਮਾਜਰਾ**-ਖੋਜੀ ਲੇਖਕ

15.**ਐਡਵੋਕੇਟ ਵਰਿੰਦਰ ਸਿੰਘ**,ਪਿੰਡ-ਚੰਦਪੁਰ (ਰੂਪਨਗਰ), ਸੈਣੀ ਭਵਨ ਦਾ ਵਫ਼ਾਦਾਰ ਲੀਗਲ ਸਲਾਹਕਾਰ

16. **ਗੁਰਲੀਨ ਕੌਰ** ਪੁੱਤਰੀ ਸ.ਸੁਖਵਿੰਦਰ ਸਿੰਘ, ਸ਼ੇਖਾਂ ਮੁਹੱਲਾ ਰੋਪੜ, ਪ੍ਰਸ਼ਨਾਵਲੀ ਦੀ ਜੇਤੂ ਪਾਠਕ

17. **ਸ੍ਰੀ ਜਗਦੇਵ ਸਿੰਘ,** ਟਰੱਸਟੀ ਸੈਣੀ ਭਵਨ, ਦਾਨੀ ਤੇ ਸੁਹਿਰਦ ਸੱਜਣ

18. **ਸ.ਸੁਰਜੀਤ ਸਿੰਘ,** ਹੀਰਾ ਕਰਿਆਨਾ ਸਟੋਰ ਰੋਪੜ, ਦਾਨੀ ਸੱਜਣ

19. **ਬਾਬਾ ਹਰਦੀਪ ਸਿੰਘ** ਗੁ. ਸਤਨਾਮੀਆਂ ਰੋਪੜ, ਦਾਨੀ ਮਹਾਂਪੁਰਸ਼

20. **ਦਰਸ਼ਨ ਸਿੰਘ**, ਕੇਅਰਟੇਕਰ ਸੈਣੀ ਭਵਨ, ਮਿਹਨਤੀ ਤੇ ਇਮਾਨਦਾਰ ਸੇਵਾਦਾਰ

## ਇਰਾਨ ਦਾ ਖੌਫ਼ਨਾਕ ਹਥਿਆਰ-ਹੌਰਮੁਜ਼ ਜਲਡਮਰੂ (Hormuz Strait)

ਡਾ. ਹਰਚਰਨ ਦਾਸ
ਸੈਣੀ ਭਵਨ ਰੂਪਨਗਰ



ਇਸ ਸਾਲ ਦੇ ਫਰਬਰੀ ਮਹੀਨੇ ਦੀ ਆਖਰੀ ਰਾਤ ਨੂੰ ਅਮਰੀਕਾ ਅਤੇ ਇਜ਼ਰਾਈਲ ਵਲੋਂ ਇਰਾਨ ਵਿਰੁੱਧ ਕੀਤੀ ਜੰਗੀ ਕਾਰਵਾਈ ਨਾਲ ਸਾਰਾ ਸੰਸਾਰ ਕੰਬ ਉੱਠਿਆ। ਇਰਾਨ ਦੇ ਫੌਜੀ ਅੱਡਿਆਂ, ਨਿਉਕਲੀਅਰ ਪਲਾਂਟਾਂ ਅਤੇ ਹੋਰ ਅਹਿਮ ਸਿਵਲੀਅਨ ਟਿਕਾਣਿਆਂ 'ਤੇ ਕੇਵਲ 12 ਘੰਟਿਆਂ ਵਿੱਚ ਕੀਤੇ 900 ਦੇ ਕਰੀਬ ਹਵਾਈ ਹਮਲਿਆਂ ਦੌਰਾਨ ਅਥਾਹ ਮਾਲੀ ਤੇ ਜਾਨੀ ਨੁਕਸਾਨ ਹੋਇਆ। ਇਰਾਨ ਦੀ ਸਰਕਾਰ ਦੇ ਸੁਪਰੀਮ ਨੇਤਾ ਆਯਤੁੱਲਾ ਖੁਮੈਨੀ ਅਤੇ ਹੋਰ ਉੱਚ ਅਧਿਕਾਰੀਆਂ ਸਮੇਤ ਹਜ਼ਾਰਾਂ ਹੀ ਫੌਜੀ ਤੇ ਸਿਵਲੀਅਨ ਮਾਰੇ ਗਏ। ਸਭ ਤੋਂ ਵੱਧ ਦੁਖਦਾਈ ਇਹ ਕਿ ਇੱਕ ਪ੍ਰਾਇਮਰੀ ਸਕੂਲ ਦੀਆਂ 163 ਬੱਚੀਆਂ ਵੀ ਇਸ ਹਮਲੇ ਦਾ ਸ਼ਿਕਾਰ ਹੋਈਆਂ। ਅਮਰੀਕਾ ਵਰਗੇ ਧੱਕੜ ਦੇਸ਼ ਦੀ ਇਸ ਦਹਿਸ਼ਤਗਰਦੀ ਦਾ ਕਿਸੇ ਵੀ ਦੇਸ਼ ਨੇ ਖੁਲ੍ਹ ਕੇ ਵਿਰੋਧ ਨਹੀਂ ਕੀਤਾ। ਰੂਸ ਤੇ ਚੀਨ ਆਪਣੇ ਵਪਾਰਕ ਹਿਤਾਂ ਕਾਰਨ, ਖਾੜੀ ਦੇ ਇਸਲਾਮੀ ਦੇਸ਼ ਡਰ ਕਾਰਨ ਅਤੇ ਹੋਰ ਕਈ ਅਮਰੀਕਾ ਦੀਆਂ ਧਮਕੀਆਂ ਤੋਂ ਡਰਦਿਆਂ ਨੇ ਆਪਣਾ ਮੂੰਹ ਬੰਦ ਰੱਖਣ ਵਿੱਚ ਹੀ ਭਲਾ ਸਮਝਿਆ। ਇਰਾਨ ਨਾਲ ਦੋਸਤਾਨਾ ਸਬੰਧ ਰਖਣ ਵਾਲਾ ਭਾਰਤ ਵੀ ਚੁੱਪ ਹੀ ਰਿਹਾ। ਅਮਰੀਕਾ ਦਾ ਰਾਸ਼ਟਰਪਤੀ ਪੂਰੇ ਘਮੰਡ ਨਾਲ ਦਹਾੜਦਾ ਇਰਾਨ ਨੂੰ ਦੁਨੀਆਂ ਦੇ ਨਕਸ਼ੇ ਤੋਂ ਮਿਟਾ ਦੇਣ ਦੀਆਂ ਧਮਕੀਆਂ ਸ਼ਰੇਆਮ ਦੇ ਰਿਹਾ ਸੀ। ਕਿਸੇ ਦੇਸ਼ ਵਲੋਂ ਦੂਜੇ ਦੇਸ਼ 'ਤੇ ਹਮਲੇ ਵਿਰੁੱਧ ਕਾਰਵਾਈ ਕਰਨ ਲਈ ਜ਼ਿੰਮੇਵਾਰ ਸੰਯੁਕਤ ਰਾਸ਼ਟਰ ਕੌਂਸਲ ਨੇ ਵੀ ਕੋਈ ਕਾਰਵਾਈ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ। ਇਸ ਪ੍ਰਕਾਰ ਇਰਾਨ, ਅਮਰੀਕਾ ਤੇ ਇਜ਼ਰਾਈਲ ਦਾ ਮੁਕਾਬਲਾ ਕਰਨ ਵਾਲਾ ਇਕੱਲਾ ਹੀ ਮੁਲਕ ਰਹਿ ਗਿਆ। ਇੰਜ ਜਾਪਦਾ ਸੀ ਕਿ ਜਾ ਤਾਂ ਇਰਾਨ ਹਥਿਆਰ ਸੁੱਟ ਦੇਵੇਗਾ ਜਾਂ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ।

ਪਰ ਫਿਰ ਇੱਕ ਖ਼ਬਰ ਛਪੀ ਕਿ ਇਰਾਨ ਨੇ ਆਪਣੇ ਅਧੀਨ ਹੌਰਮੁਜ਼ ਜਲਡਮਰੂ ਬੰਦ ਕਰ ਦਿੱਤਾ ਹੈ। ਕੁੱਝ ਦਿਨਾਂ ਵਿੱਚ ਹੀ ਸਾਰੀ ਦੁਨੀਆਂ ਵਿੱਚ ਹਾਹਾਕਾਰ ਮਚ ਗਈ। ਅਮਰੀਕਾ ਨੇ ਇਰਾਨ ਵਿਰੁੱਧ ਗੋਲਾਬੰਦੀ ਦਾ ਐਲਾਨ ਕਰ ਦਿੱਤਾ ਅਤੇ ਹੌਰਮੁਜ਼ ਨੂੰ ਖੁਲ੍ਹਵਾਉਣ ਲਈ ਪਾਕਿਸਤਾਨ ਨੂੰ ਵਿਚੋਲਗਿਰੀ ਕਰਨ ਲਈ ਕਿਹਾ ਜਾਣ ਲੱਗਾ। ਭਾਵ ਇਹ ਕਿ ਧੱਕੜ ਹਮਲਾਵਰ ਦੇਸ਼ ਅਮਰੀਕਾ ਨੇ ਇਰਾਨ ਅੱਗੇ ਗੋਡੇ ਟੇਕ ਦਿੱਤੇ। ਹੁਣ ਇਰਾਨ ਹੌਰਮੁਜ਼ ਜਲਡਮਰੂ ਖੋਲ੍ਹਣ ਲਈ ਸ਼ਰਤਾਂ ਲਗਾ ਰਿਹਾ ਹੈ।

ਹੁਣ ਹਰ ਜ਼ੁਬਾਨ 'ਤੇ ਚੜ੍ਹੇ ਇਸ ਅਹਿਮ ਜਲਡਮਰੂ ਦਾ ਨਾਂ ਪਹਿਲਾਂ ਕਦੇ ਘੱਟ ਹੀ ਸੁਣਨ ਵਿੱਚ ਆਇਆ ਸੀ। ਆਓ ਦੇਖੀਏ ਇਹ ਕੀ ਸ਼ੈਅ ਹੈ ਜਿਸ ਨੇ ਅਮਰੀਕਾ ਵਰਗੇ ਦੌਲਤਮੰਦ ਦੇਸ਼ ਅਤੇ ਸਾਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ।





ਜਲਡਮਰੂ, ਦੋ ਦੇਸ਼ਾਂ ਵਿਚਕਾਰ ਪਾਣੀ ਦਾ ਇਕ ਕੁਦਰਤੀ ਤੰਗ ਰਾਸਤਾ ਹੁੰਦਾ ਹੈ ਜੋ ਦੋ ਵੱਡੇ ਪਾਣੀ ਦੇ ਭੰਡਾਰਾਂ ਨੂੰ ਜੋੜਦਾ ਹੈ। ਇਹ ਭਿੰਨ ਭਿੰਨ ਦੇਸ਼ਾਂ ਵਲੋਂ ਦੂਜੇ ਦੇਸ਼ਾਂ ਨਾਲ ਸਮੁੰਦਰ ਰਾਹੀਂ ਢੋਆਈ ਤੇ ਵਪਾਰ ਕਰਨ ਅਤੇ ਮਿਲਟਰੀ ਕਾਰਵਾਈਆਂ ਲਈ ਤੰਗ ਰੁਕਾਵਟੀ ਥਾਵਾਂ ਹੁੰਦੀਆਂ ਹਨ। ਵਿਸ਼ਵ ਵਿੱਚ 100 ਦੇ ਕਰੀਬ ਵੱਡੇ-ਛੋਟੇ ਅਜਿਹੇ ਤੰਗ ਸਮੁੰਦਰੀ ਰਸਤੇ ਹਨ। ਇਨ੍ਹਾਂ ਵਿੱਚੋਂ ਅਮਰੀਕਾ ਅਤੇ ਰੂਸ ਵਿਚਕਾਰ ਬੇਰਿੰਗ ਜਲਡਮਰੂ; ਫਰਾਂਸ ਅਤੇ ਇੰਗਲੈਂਡ ਵਿਚਕਾਰ ਇੰਗਲਿਸ਼ ਚੈਨਲ; ਇੰਡੋਨੇਸ਼ੀਆ ਅਤੇ ਮਲਾਇਆ ਵਿਚਕਾਰ ਮਾਲਾਕਾ ਜਲਡਮਰੂ; ਦੱਖਣੀ ਅਮਰੀਕਾ ਤੇ ਚਿੱਲੀ ਵਿਚਕਾਰ ਮੈਗਲਨ ਜਲਡਮਰੂ; ਕਾਲਾ ਸਾਗਰ ਤੇ ਭੂਮੱਧ ਸਾਗਰ ਨੂੰ ਜੋੜਦੀ ਤੁਰਕਿਸ਼ ਜਲਡਮਰੂ; ਫਾਰਸ ਦੀ ਖਾੜੀ ਨੂੰ ਇੰਡੀਅਨ ਸਾਗਰ ਨਾਲ ਜੋੜਦੀ ਹੌਰਮਜ਼ ਜਲਡਮਰੂ; ਸਪੇਨ ਤੇ ਮੌਰੋਕੋ ਦੇਸ਼ਾਂ ਵਿਚਕਾਰ ਜਿਬਰਾਲਟਰ ਜਲਡਮਰੂ; ਮੌਜ਼ਮਬੀਕ ਅਤੇ ਮੈਡਗਾਸਕਰ ਵਿਚਕਾਰ ਮੌਜਮਬੀਕ ਚੈਨਲ; ਲਾਲ ਸਾਗਰ,ਅਦਨ ਦੀ ਖਾੜੀ ਤੇ ਇੰਡੀਅਨ ਸਾਗਰ ਨੂੰ ਜੋੜਦੀ ਬਾਬ ਐਲ ਮੰਦੇਬ ਜਲਡਮਰੂ; ਦੱਖਣੀ ਚੀਨ ਸਾਗਰ ਤੇ ਪੂਰਬੀ ਚੀਨ ਸਾਗਰ ਨੂੰ ਜੋੜਦੀ ਤਾਇਵਾਨ ਜਲਡਮਰੂ ਪ੍ਰਸਿੱਧ ਹਨ।

ਹੌਰਮੁਜ਼ ਜਲਡਮਰੂ ਫਾਰਸ ਦੀ ਖਾੜੀ ਨੂੰ ਉਮਾਨ ਦੀ ਖਾੜੀ ਨਾਲ ਜੋੜਦਾ ਹੈ।ਇਸ ਦੇ ਪੂਰਬ ਵਿੱਚ ਇਰਾਨ ਅਤੇ ਦੱਖਣ ਵੱਲ ਉਮਾਨ ਹੈ। ਇਹ ਜਲਡਮਰੂ ਕਰੀਬ 167 ਕਿਲੋਮੀਟਰ ਲੰਮਾ ਅਤੇ 39 ਤੋਂ 97 ਕਿਲੋਮੀਟਰ ਚੌੜਾ ਹੈ। ਫਾਰਸ ਦੀ ਖਾੜੀ ਨੂੰ ਇੰਡੀਅਨ ਸਾਗਰ ਨਾਲ ਜੋੜਨ ਵਾਲਾ ਇਹ ਦੁਨੀਆਂ ਦਾ ਸਭ ਤੋਂ ਮਹੱਤਵਪੂਰਨ ਪਾਣੀ ਦਾ ਤੰਗ ਰਾਸਤਾ ਹੈ। ਵਿਸ਼ਵ ਦੀ ਕੁੱਲ ਤਰਲ ਗੈਸ ਦਾ 20% ਅਤੇ ਤੇਲ ਦਾ 25% ਸਾਲਾਨਾ ਵਪਾਰ ਇਸ ਜਲਡਮਰੂ ਰਾਹੀਂ ਹੁੰਦਾ ਹੈ। ਯੂਰਪ ਅਤੇ ਏਸ਼ੀਆਂ ਲਈ ਊਰਜਾ ਦਾ ਇਹ ਪ੍ਰਮੁਖ ਰਾਸਤਾ ਹੈ। ਇਹ ਖਾੜੀ ਦੇ ਮੁਲਕਾਂ ਯੂ.ਏ.ਈ, ਕਤਰ, ਬਹਿਰੀਨ, ਕੁਵੈਤ ਅਤੇ ਇਰਾਕ ਤੋਂ ਤੇਲ ਲਿਜਾਣ ਦਾ ਮੁੱਖ ਰਾਸਤਾ ਹੈ। ਇਸ ਵਿੱਚ ਅੰਦਰ ਆਉਣ ਵਾਲੇ ਸਮੁੰਦਰੀ ਜਹਾਜ਼ਾਂ ਅਤੇ ਬਾਹਰ ਜਾਣ ਵਾਲੇ ਜਹਾਜ਼ਾਂ ਲਈ ਦੋ ਕਿਲੋਮੀਟਰ ਦੀ ਦੂਰੀ 'ਤੇ

ਬਾਕੀ ਪੰਨਾ 'ਤੇ 23 'ਤੇ..................

## ਸੈਣੀ ਭਲਾਈ ਬੋਰਡ ਪੰਜਾਬ ਦੇ ਚੇਅਰਮੈਨ/ਵਾਈਸ ਚੇਅਰਮੈਨ/ਮੈਂਬਰ

ਅਮਰਜੀਤ ਸਿੰਘ
ਸੈਣੀ ਭਵਨ ਰੂਪਨਗਰ



**1. ਸ਼੍ਰੀ. ਹਰਿੰਦਰ ਕੁਮਾਰ ਸੈਣੀ**, ਵਾਸੀ- ਸੈਣੀ ਹਵੇਲੀ, ਸੁਤਹਿਰੀ ਰੋਡ ਹੁਸ਼ਿਆਰਪੁਰ-ਸਟੇਟ ਮੈਂਬਰ

**2.ਸ਼੍ਰੀ ਨਿਤਿਨ ਸੈਣੀ,** ਵਾਸੀ-ਪਿੰਡ ਦੋਦਵਾਂ, ਜ਼ਿਲ੍ਹਾ-ਗੁਰਦਾਸਪੁਰ-ਸਟੇਟ ਮੈਂਬਰ

**3. ਸ. ਜਗਦੀਸ਼ ਸਿੰਘ ਸੈਣੀ,** ਵਾਸੀ-ਪ੍ਰਤਾਪ ਸਿੰਘਵਾਲਾ,ਪੁਲਿਸ ਸਟੇਸ਼ਨ ਪੀਏਯੂ ਲੁਧਿਆਣਾ-ਸਟੇਟ ਮੈਂਬਰ

**4. ਸ. ਕਮਲਜੀਤ ਸਿੰਘ**, ਵਾਸੀ-ਪਿੰਡ ਦਵਾਲੀ ਖੁਰਦ, ਜ਼ਿਲ੍ਹਾ-ਪਟਿਆਲਾ-ਸਟੇਟ ਮੈਂਬਰ

**5 ਸ਼੍ਰੀਮਤੀ ਕਮਲਜੀਤ ਕੌਰ,** # LIG 208,ਫੇਜ਼-1 ਮਾਡਲ ਟਾਊਨ, ਬਠਿੰਡਾ- ਸਟੇਟ ਮੈਂਬਰ

**6. ਸ. ਨਰਿੰਦਰ ਸਿੰਘ,** ਵਾਸੀ ਪਿੰਡ ਜਾਜਾ, ਜ਼ਿਲ੍ਹਾ ਹੁਸ਼ਿਆਰਪੁਰ-ਜ਼ਿਲ੍ਹਾ ਚੇਅਰਮੈਨ

**7. ਸ. ਸੰਤੋਖ ਸਿੰਘ** ਸ਼ਿਵਾਲਿਕ ਹੋਟਲ, ਵਾਸੀ-ਪਿੰਡ ਖੋਜਾ ਬੇਟ. ਤਹਿ.ਬਲਾਚੌਰ,ਜ਼ਿਲ੍ਹਾ-ਐਸ.ਬੀ.ਐਸ ਨਗਰ-ਜ਼ਿਲ੍ਹਾ ਚੇਅਰਮੈਨ

**8. ਸ. ਸੁਖਦੇਵ ਸਿੰਘ ਸੈਣੀ,** # 99,ਗਲੀ ਨੰ.3 ਗੁਰੂ ਹਰਕ੍ਰਿਸ਼ਨ ਨਗਰ ਫਗਵਾੜਾ, ਜ਼ਿਲ੍ਹਾ-ਕਪੂਰਥਲਾ-ਜ਼ਿਲ੍ਹਾ ਚੇਅਰਮੈਨ

**9. ਸ਼੍ਰੀ ਸੁਰਿੰਦਰ ਸਿੰਘ ਸੈਣੀ,** # 7-ਏ, ਓਲਡ ਜਵਾਹਰ ਨਗਰ, ਜਲੰਧਰ- ਜ਼ਿਲ੍ਹਾ ਚੇਅਰਮੈਨ

**10. ਸ. ਕਮਲਜੀਤ ਸਿੰਘ ਡੱਲੀ,** ਵਾਸੀ ਆਦਮਪੁਰ, ਜ਼ਿਲ੍ਹਾ-ਜਲੰਧਰ-ਜ਼ਿਲ੍ਹਾ ਵਾਈਸ ਚੇਅਰਮੈਨ

**11. ਸ਼੍ਰੀ ਪਰਮਿੰਦਰ ਸੈਣੀ,** ਵਾਸੀ ਪਿੰਡ ਦੀਦਾ, ਤਹਿ.ਦੀਨਾਨਗਰ, ਜ਼ਿਲ੍ਹਾ-ਗੁਰਦਾਸਪੁਰ-ਜ਼ਿਲ੍ਹਾ ਚੇਅਰਮੈਨ

**12. ਸ਼੍ਰੀ ਸ਼ੁਭਕਰਨ ਸੈਣੀ,** ਵਾਸੀ ਪਿੰਡ-ਰਾਜਪਾਰੂਰਾ, ਜ਼ਿਲ੍ਹਾ-ਪਠਾਨਕੋਟ-ਜ਼ਿਲ੍ਹਾ ਚੇਅਰਮੈਨ

**13. ਸ.ਕੁਲਵੰਤ ਸਿੰਘ ਸੈਣੀ,** ਵਾਸੀ ਬਸਤੀ ਪੁਰਾਣਾ ਨੰਦ, ਘਲੀ ਕਲਾਂ, ਜ਼ਿਲ੍ਹਾ-ਮੋਗਾ-ਜ਼ਿਲ੍ਹਾ ਚੇਅਰਮੈਨ

**14. ਐਡ. ਗੁਰਵਿੰਦਰ ਸਿੰਘ ਸੈਣੀ,** ਵਾਸੀ-ਪਿੰਡ ਮਾਨੂਪੁਰ,ਜ਼ਿਲ੍ਹਾ-ਫਤਿਹਗੜ੍ਹ ਸਾਹਿਬ-ਜ਼ਿਲ੍ਹਾ ਚੇਅਰਮੈਨ

**15. ਸ. ਬਲਵਿੰਦਰ ਸਿੰਘ ਸੈਣੀ,** ਵਾਸੀ H.NO,386X, G ਬਲਾਕ, ਰਿਸ਼ੀ ਨਗਰ ਹੈਬੋਵਾਲ ਖੁਰਦ ਜ਼ਿਲ੍ਹਾ- ਲੁਧਿਆਣਾ-ਜ਼ਿਲ੍ਹਾ ਚੇਅਰਮੈਨ

**16. ਸ. ਗੁਰਵਿੰਦਰ ਸਿੰਘ,** ਵਾਸੀ ਭਾਈ ਬਾਲਾ ਜੀ ਨਗਰ,ਪ੍ਰਤਾਪਸਿੰਘ ਵਾਲਾ ਲੁਧਿਆਣਾ- ਜ਼ਿਲ੍ਹਾ ਵਾਈਸ ਚੇਅਰਮੈਨ

**17. ਸ਼੍ਰੀ ਰਵਿੰਦਰ ਸੈਣੀ,** # 193,ਚੰਡੀਗੜ੍ਹ ਰੋਡ,ਫਰੈਂਡਜ਼ ਕਾਲੋਨੀ ਰਾਮਗੜ੍ਹ ਜ਼ਿਲ੍ਹਾ ਲੁਧਿਆਣਾ-ਜ਼ਿਲ੍ਹਾ ਵਾਈਸ ਚੇਅਰਮੈਨ

**18. ਸ. ਸੁਰਿੰਦਰ ਸਿੰਘ,** #23, ਰਾਮਪੁਰਾ ਬਸਤੀ, ਸੰਗਰੂਰ-ਜ਼ਿਲ੍ਹਾ ਚੇਅਰਮੈਨ

**19. ਸ. ਅੰਮ੍ਰਿਤਪਾਲ ਸਿੰਘ** ਵਾਸੀ ਪਿੰਡ-ਛੋਟਾ ਫੂਲ, ਜ਼ਿਲ੍ਹਾ-ਰੂਪਨਗਰ-ਜ਼ਿਲ੍ਹਾ ਚੇਅਰਮੈਨ

**20. ਸ. ਦਵਿੰਦਰ ਸਿੰਘ ਸੈਣੀ** ਵਾਸੀ 1,ਰੰਧਾਵਾ ਰੋਡ, ਸੈਕ-10,ਖਰੜ ਜ਼ਿਲ੍ਹਾ ਮੋਹਾਲੀ-ਜ਼ਿਲ੍ਹਾ ਚੇਅਰਮੈਨ

**21. ਸ. ਕੁਲਵਿੰਦਰ ਸਿੰਘ ਤੰਬੜ** ਵਾਸੀ ਪਿੰਡ-ਬੀਬੀ ਪੁਰ ਡਾਕ. ਦੇਵੀ ਨਗਰ, ਜ਼ਿਲ੍ਹਾ-ਪਟਿਆਲਾ-ਜ਼ਿਲ੍ਹਾ ਚੇਅਰਮੈਨ

**22. ਸ.ਹਰਪ੍ਰੀਤ ਸਿੰਘ ਹਨੀ,** ਵਾਸੀ ਪਿੰਡ ਰਾਮਨਗਰ ਸੈਣੀਆਂ,ਜ਼ਿਲ੍ਹਾ ਪਟਿਆਲਾ-ਜ਼ਿਲ੍ਹਾ ਵਾਈਸ ਚੇਅਰਮੈਨ

**23. ਸ਼੍ਰੀ ਦੀਪਕ ਸੈਣੀ,** ਮਨੀਰਾਜ ਸੈਣੀ, ਬਠਿੰਡਾ, ਜ਼ਿਲ੍ਹਾ ਚੇਅਰਮੈਨ

**24. ਸ਼੍ਰੀ ਵਿਕਰਮਜੀਤ ਸੈਣੀ,** # ਵਾ.3,ਕੰਬੋਜ ਸਿਨੇਮਾ, ਮਾਨਸਾ-ਜ਼ਿਲ੍ਹਾ ਚੇਅਰਮੈਨ

**25. ਸ਼੍ਰੀਮਤੀ ਨਵਜੋਤ ਕੌਰ ਸੈਣੀ,** ਵਾਸੀ ਤਖਤ ਹਜ਼ਾਰਾ ਚੌਕ ਕੰਪਲੈਕਸ ਮਲੋਟ ਜ਼ਿਲ੍ਹਾ-ਸ਼੍ਰੀ ਮੁਕਤਸਰ ਸਾਹਿਬ-ਜ਼ਿਲ੍ਹਾ ਚੇਅਰਮੈਨ

**26. ਸ. ਹਰਵਿੰਦਰ ਸਿੰਘ ਸੈਣੀ,** ਵਾਸੀ ਪਿੰਡ-ਚੱਕ ਸਿੰਘੇਵਾਲਾ,ਮੁਕਤਸਰ-ਜ਼ਿਲ੍ਹਾ ਫਾਜ਼ਿਲਕਾ ਚੇਅਰਮੈਨ

**27. ਡਾ. ਨਛੱਤਰ ਸਿੰਘ ਸੈਣੀ** # ਪਿੰਡ-ਵਰਿਆਮਵਾਲਾ ਖਾਈ, ਜ਼ਿਲ੍ਹਾ ਫਿਰੋਜ਼ਪੁਰ-ਜ਼ਿਲ੍ਹਾ ਚੇਅਰਮੈਨ

**28. ਸ਼੍ਰੀ ਪਰਮੋਧ ਸੈਣੀ** # 03186, ਵਾ. 9 ਬਰਨਾਲਾ- ਜ਼ਿਲ੍ਹਾ ਚੇਅਰਮੈਨ

❊ ❊ ❊ ❊ ❊

........ਪੰਨਾ 22 ਦੀ ਬਾਕੀ

ਵੱਖਰੇ ਵੱਖਰੇ ਰਾਸਤੇ ਹਨ। ਜਹਾਜ਼ਾਂ ਨੂੰ ਇਰਾਨ ਅਤੇ ਉਮਾਨ ਦੇ ਅਧੀਨ ਪੈਂਦੇ ਪਾਣੀਆਂ ਵਿੱਚੋਂ ਲੰਘਣਾ ਪੈਂਦਾ ਹੈ।

ਇਰਾਨ, ਕਤਰ, ਸਾਊਦੀ ਅਰਬ ਅਤੇ ਉਮਾਨ ਤੋਂ ਨਾਈਟਰੋਜਨ ਵਾਲੀਆਂ ਖਾਦਾਂ ਜਿਵੇਂ ਯੂਰੀਆ ਅਤੇ ਅਮੋਨੀਆ ਦਾ ਸੰਸਾਰ ਵਿੱਚ 30% ਵਪਾਰ ਇਸ ਜਲਡਮਰੂ ਰਾਹੀਂ ਹੀ ਦੂਜੇ ਦੇਸ਼ਾਂ ਨੂੰ ਹੁੰਦਾ ਹੈ। ਇਸ ਰਸਤੇ ਨਸ਼ੀਲੀਆਂ ਵਸਤੂਆਂ ਦਾ ਵਪਾਰ ਵੀ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਹੋਰ ਘਰੇਲੂ ਵਸਤੂਆਂ ਅਤੇ ਇਲੈਕਟ੍ਰਾਨਿਕਸ ਦਾ ਆਦਾਨ-ਪ੍ਰਦਾਨ ਵੀ ਹੁੰਦਾ ਹੈ।

ਇਸ ਜਲਡਮਰੂ ਦੇ ਬੰਦ ਕਰਨ ਨਾਲ ਭਾਰਤ ਵਿੱਚ ਤੇਲ, ਗੈਸ ਅਤੇ ਖਾਦਾਂ ਦਾ ਸੰਕਟ ਪੈਦਾ ਹੋ ਗਿਆ ਹੈ।



## Tragic Evolution of Marital Relationships in Punjab

Ravinder Singh Mundra
(Adv.) Rupnagar

In 1990s Punjab, farming life was held together by family honor (*izzat*), which was just as important as the crops they grew. Back then, a marriage wasn't just a deal between two people. It was a holy promise that tied two big families together, and the whole village expected it to last. Divorce was seen as an absolute disaster. If a couple split up, the public shame was suffocating. People thought divorce was worse than murder. A murder charge meant a temporary fight over pride and violence; a divorce, however, was seen as a permanent rot that ruined the family name forever. It made it hard for brothers and sisters to get married, and women suffered the absolute worst of this isolation.

Today, life in Punjab is completely different. The fields are still there, but the old traditions have faded due to global influences, financial independence, and new values. Divorce is no longer feared like the end of the world. It has gone from a rare, shocking village scandal into an everyday city statistic, that affects nearly one out of every three or four homes. The community doesn't gasp in shock anymore; people just shrug and move on. What used to be a terrifying secret is now just simple court paperwork.

However, beneath this new sense of freedom lies a quiet, painful crisis: the breakdown of the Punjabi family. Losing the traditional family unit has left a deep emotional wound. Where there used to be a large, protective network of relatives, there are now just lonely, broken homes. The real victims of this modern attitude are the children, caught right in the middle of their parents' fights. The bitter arguments don't just end when the court papers are signed. The constant fighting leaves deep, invisible scars on young minds. Forced to choose between parents, these children live with constant stress and anxiety. They are forced to grow up too fast, dealing with the ruins of the home that was supposed to keep them safe. They lose their childhood to the cold reality of custody battles and split weekends.

In the end, I take liberty to say that: though losing the old shame has successfully freed people from abusive or dead marriages. However, things have now swung too far to the opposite extreme. Treating divorce as completely normal is tearing the community apart. A society built on broken homes, fighting parents, and exhausted children has always faced a fragile future. By making it so easy to split up, we have traded an old social shame for a new tragedy: the slow loss of family connection and a generation of emotionally lost children.

## ਵਿਦੇਸ਼ ਵਿੱਚ ਬਰਾਦਰੀ ਦਾ ਹੋਣਹਾਰ ਨੌਜਵਾਨ

**ਇੰਜਨੀਅਰ ਅਰਸ਼ਵੀਰ ਸਿੰਘ–** ਰੂਪਨਗਰ ਸ਼ਹਿਰ ਦੇ ਪਾਸ ਸ਼ਾਮਪੁਰਾ ਪਿੰਡ ਦੇ ਪਿਛੋਕੜ ਵਾਲੇ ਸ.ਨਵਤੇਜ ਸਿੰਘ ਕਾਬੜਵਾਲ ਦੇ ਹੋਣਹਾਰ ਬੇਟੇ ਅਰਸ਼ਵੀਰ ਸਿੰਘ ਨੇ ਵਿਦੇਸ਼ਾਂ ਵਿੱਚ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਉਸ ਨੇ ਯੂਕੇ ਦੀ ਰਾਜਧਾਨੀ ਲੰਡਨ ਵਿਖੇ ਸਥਿਤ ਉਸ ਦੇਸ਼ ਦੀ ਸਭ ਤੋਂ ਵੱਡੀ ਕੰਪਨੀ ਬਲਫਰ ਬੀਟੀ ਵਿੱਚ ਸੀਨੀਅਰ ਡਿਜ਼ਾਇਨ ਇੰਜਨੀਅਰ ਵਜੋਂ ਕੰਮ ਕਰਦਿਆਂ ਵਧੀਆ ਕਾਰਗੁਜ਼ਾਰੀ ਲਈ ਇਨਾਮ ਹਾਸਲ ਕੀਤਾ ਹੈ। ਉਸ ਨੇ ਯੂਨੀਵਰਸਿਟੀ ਆਫ਼ ਚਿਚੈਸਟਰ ਵਿੱਚ ਪੜ੍ਹਦਿਆਂ ਇਸ ਸੰਸਥਾ ਵਿੱਚ ਪਹਿਲੇ ਸਥਾਨ 'ਤੇ ਰਹਿ ਕੇ ਸਰਵੋਤਮ ਵਿਦਿਆਰਥੀ ਦਾ ਤਮਗਾ ਵੀ ਪ੍ਰਾਪਤ ਕੀਤਾ ਹੈ। ਇਨ੍ਹਾਂ ਪ੍ਰਾਪਤੀਆਂ ਕਾਰਨ ਪਿੰਸ ਆਫ਼ ਇੰਗਲੈਂਡ ਨੇ ਉਸ ਨੂੰ ਬਕਿੰਗਮ ਪੈਲੇਸ ਵਿੱਚ ਸੋਨ ਤਮਗੇ ਨਾਲ ਸਨਮਾਨਿਤ ਕੀਤਾ ਹੈ। ਉਹ ਸੰਨ 2012 ਵਿੱਚ ਸਥਾਈ ਨਿਵਾਸੀ ਦੇ ਤੌਰ 'ਤੇ ਯੂ.ਕੇ ਗਿਆ ਸੀ। ਜ਼ਿਕਰਯੋਗ ਹੈ ਕਿ ਜੋ ਕਿ ਅਰਸ਼ਵੀਰ ਦੇ ਦਾਦਾ ਸਵ.ਰਾਮ ਦਾਸ ਸੈਣੀ, ਸੇਵਾਮੁਕਤ ਐਸ.ਡੀ.ਓ. ਸਨ। ਇਸ ਭਾਗਸ਼ਾਲੀ ਪਰਿਵਾਰ ਨੂੰ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ ਹੋਵੇ।



ਸ਼ਹੀਦੀ ਦਿਨ ਨੂੰ ਸਮਰਪਿਤ

# ਪਠਾਣਾ ਦਾ ਹਰੀਆ ਰਾਗਲੇ ਜਰਨੈਲ ਹਰੀ ਸਿੰਘ ਨਲੂਆ

ਰਜਿੰਦਰ ਸਿੰਘ ਨਨੂੰਆਂ
ਸੈਣੀ ਭਵਨ ਰੂਪਨਗਰ



ਉਨੀਵੀਂ ਸਦੀ ਦੇ ਆਖਰੀ ਦਹਾਕੇ ਅੰਗਰੇਜ਼ ਤੇ ਫਰਾਂਸੀਸੀ ਅਖਬਾਰਾਂ ਵਿੱਚ ਇਹ ਚਰਚਾ ਛਿੜੀ ਕਿ ਸੰਸਾਰ ਦਾ ਸਭ ਤੋਂ ਵੱਡਾ ਤੇ ਕਾਮਯਾਬ ਜਰਨੈਲ ਕੌਣ ਹੈ? ਨਿਪੋਲੀਅਨ,ਮਾਰਸ਼ਲ ਹੈਂਡਬਰਗ, ਲਾਰਡ ਕਿਚਨਰ, ਜਰਨੈਲ ਕਰੋਬਜ਼ੇ ਜਾਂ ਡਊਕ ਆਫ਼ ਵਲਿੰਗਟਨ। ਯੂਰਪ ਦੇ ਵੱਡੇ ਜਰਨੈਲਾਂ ਤੋਂ ਬਾਅਦ ਕਈਆਂ ਨੇ ਏਸ਼ੀਆ ਦੇ ਜਰਨੈਲਾਂ ਹਲਾਕੂ ਖਾਨ, ਚੰਗੇਜ਼ ਖਾਨ, ਰਿਚਰਡ ਤੇ ਅਲਾਉਦੀਨ ਵੀ ਗਿਣਾਏ। ਪਰ ਜਦ ਹਰੀ ਸਿੰਘ ਨਲੂਏ ਦਾ ਜ਼ਿਕਰ ਆਇਆ ਤਾਂ ਅੰਗਰੇਜ਼ ਲਿਖਾਰੀ ਨੇ ਸਿਰ ਨਿਵਾ ਦਿੱਤਾ ਕਿ ਇਹ ਸੰਸਾਰ ਭਰ ਦਾ ਸਭ ਤੋਂ ਕਾਮਯਾਬ ਜਰਨੈਲ ਹੋਇਆ ਹੈ ਜਿਸ ਨੇ ਮਾਮੂਲੀ ਗਿਣਤੀ ਨਾਲ ਜਿਸ ਤਰ੍ਹਾਂ ਅਫ਼ਗਾਨਿਸਤਾਨ ਜੈਸੇ ਮੁਲਕ ਨੂੰ ਫਤਹਿ ਕੀਤਾ ਜਿੱਥੇ ਅੰਗਰੇਜ਼ ਫ਼ੌਜਾਂ ਇਤਨੀ ਤਾਕਤ ਤੇ ਖ਼ਜ਼ਾਨਾਂ ਕੋਲ ਹੁੰਦਿਆਂ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀਆਂ ਸਨ। ਜੇ ਹਰੀ ਸਿੰਘ ਕੋਲ ਇਤਨੀ ਹੀ ਤਾਕਤ ਤੇ ਖ਼ਜ਼ਾਨਾਂ ਹੁੰਦਾ ਤਾਂ ਸਾਰੇ ਏਸ਼ੀਆ ਤੇ ਯੂਰਪ ਨੂੰ ਮੱਲ ਲੈਂਦਾ। ਹਰੀ ਸਿੰਘ ਨਲੂਆ ਸਿਰਫ਼ ਇੱਕ ਕਾਮਯਾਬ ਜਰਨੈਲ ਹੀ ਨਹੀਂ ਸੀ ਸਗੋਂ ਬਹੁਤ ਸਿਆਣਾ ਪ੍ਰਬੰਧਕ, ਉੱਚ ਆਚਰਣ ਦਾ ਧਨੀ, ਆਪਣੇ ਸਮੇਂ ਦਾ ਵਿਦਵਾਨ, ਦੂਰਅੰਦੇਸ਼ੀ ਤੇ ਕੁਰਬਾਨੀ ਦਾ ਪੁੰਜ ਸੀ।

ਸ. ਹਰੀ ਸਿੰਘ ਦਾ ਜਨਮ 1791 ਈ. ਵਿੱਚ ਗੁਜਰਾਂਵਾਲੇ ਦੀ ਧਰਤੀ 'ਤੇ ਸ.ਗੁਰਦਿਆਲ ਸਿੰਘ ਕੁਮੇਦਾਨ ਦੇ ਘਰ ਮਾਤਾ ਧਰਮ ਕੌਰ ਦੀ ਕੁੱਖੋਂ ਹੋਇਆ। ਅਜੇ ਆਪ ਸੱਤ ਸਾਲ ਦੇ ਹੀ ਸਨ ਕਿ ਆਪ ਦੇ ਪਿਤਾ ਚੜ੍ਹਾਈ ਕਰ ਗਏ ਅਤੇ ਹਰੀ ਸਿੰਘ ਦੇ ਪਾਲਣ ਪੋਸ਼ਣ ਦੀ ਸਾਰੀ ਜ਼ਿੰਮੇਵਾਰੀ ਮਾਤਾ 'ਤੇ ਜਾ ਪਈ, ਜਿਸ ਨੇ ਆਪ ਦੀ ਪੜ੍ਹਾਈ, ਘੋੜ ਸਵਾਰੀ ਅਤੇ ਸ਼ਸਤ੍ਰ ਵਿੱਦਿਆ ਦਾ ਖ਼ਾਸ ਪ੍ਰਬੰਧ ਕੀਤਾ। ਜਦੋਂ ਆਪ ਦਸ ਸਾਲ ਦੇ ਹੋਏ ਤਾਂ ਅੰਮ੍ਰਿਤਪਾਨ ਕਰਵਾ ਕੇ ਗੁਰੂ ਦੇ ਲੜ ਲਾ ਦਿੱਤਾ। ਸੰਨ 1805 ਵਿੱਚ ਬਸੰਤ ਪੰਚਮੀਂ ਵਾਲੇ ਦਿਨ ਹਰੀ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਆਪਣੀ ਸ਼ਸਤ੍ਰ ਵਿੱਦਿਆ ਦੇ ਉਹ ਕਮਾਲ ਦਿਖਾਏ ਕਿ ਮਹਾਰਾਜੇ ਨੇ ਉਸ ਨੂੰ ਆਪਣੇ ਹਜ਼ੂਰੀ ਖ਼ਿਦਮਤਗਾਰਾਂ ਵਿੱਚ ਭਰਤੀ ਕਰ ਲਿਆ। ਇਕ ਦਿਨ ਆਪ ਮਹਾਰਾਜਾ ਨਾਲ ਸ਼ਿਕਾਰ ਖੇਡਣ ਗਏ ਤਾਂ ਇੱਕ ਸ਼ੇਰ ਨੇ ਮਹਾਰਾਜਾ 'ਤੇ ਅਚਾਨਕ ਹਮਲਾ ਕਰ ਦਿੱਤਾ। ਹਰੀ ਸਿੰਘ ਨਲੂਆ ਨੇ ਸ਼ੇਰ ਨੂੰ ਜਬਾੜੇ ਤੋਂ ਹੱਥਾਂ ਨਾਲ ਫੜ ਕੇ ਬੜੇ ਜ਼ੋਰ ਨਾਲ ਪਟਕਾ ਕੇ ਜ਼ਮੀਨ 'ਤੇ ਮਾਰਿਆ ਅਤੇ ਆਪਣੀ ਸ੍ਰੀ ਸਾਹਿਬ ਨਾਲ ਸ਼ੇਰ ਦੇ ਦੋ ਟੁਕੜੇ ਕਰ ਦਿੱਤਾ। ਮਹਾਰਾਜਾ ਨੇ ਉਸ ਦੀ ਬਹਾਦਰੀ ਤੋਂ ਖੁਸ਼ ਹੋ ਕੇ ਸ਼ੇਰਦਿਲ ਰੈਜਮੈਂਟ ਦਾ ਮੁਖੀ ਬਣਾ ਦਿੱਤਾ ਜਿਸ ਵਿੱਚ 800 ਪੈਦਲ ਤੇ ਘੋੜਸਵਾਰ ਜੁਆਨ ਸਨ। ਇਸ ਨਾਲ ਉਸ ਦੇ ਨਾਮ ਨਾਲ ਨਲੂਆ ਵੀ ਜੁੜ ਗਿਆ।

ਸ.ਹਰੀ ਸਿੰਘ ਨਲੂਆ ਨੇ 1807 ਵਿੱਚ ਕਸੂਰ 'ਤੇ ਜਿੱਤ ਹਾਸਲ ਕੀਤੀ, ਜਿਸ ਤੋਂ ਖੁਸ਼ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਤੀਹ ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਲਗਾ ਦਿੱਤੀ। ਸੰਨ 1810 ਵਿੱਚ ਖਾਲਸਾ ਫ਼ੌਜਾਂ ਨੇ ਸ. ਹਰੀ ਸਿੰਘ ਦੀ ਅਗਵਾਈ ਹੇਠ ਮੁਲਤਾਨ 'ਤੇ ਹਮਲਾ ਕੀਤਾ ਅਤੇ ਨਵਾਬ ਮੁਜ਼ੱਫਰ ਖਾਂ ਨੂੰ ਸਮਰਪਣ ਲਈ ਮਜ਼ਬੂਰ ਕਰ ਦਿੱਤਾ। ਇਸ ਬਹਾਦਰੀ ਕਾਰਨ ਹਰੀ ਸਿੰਘ ਦੀ ਜਗੀਰ ਵਿੱਚ 20 ਹਜ਼ਾਰ ਰੁਪਏ ਦਾ ਵਾਧਾ ਕੀਤਾ ਗਿਆ।



ਸ. ਹਰੀ ਸਿੰਘ ਨਲੂਆ ਨੇ ਸ਼ਾਹ ਸ਼ੁਜਾਹ ਪਠਾਣ ਪਾਸੋਂ ਕੋਹੇਨੂਰ ਹੀਰਾ ਵਾਪਿਸ ਲੈਣ ਵਿੱਚ ਵੀ ਪ੍ਰਮੁੱਖ ਭੂਮਿਕਾ ਨਿਭਾਈ। ਉਸ ਨੇ ਕਸ਼ਮੀਰ 'ਤੇ ਹਮਲਾ ਕਰ ਕੇ ਉੱਥੋਂ ਦੇ ਗਵਰਨਰ ਅਤਾ ਮੁਹੰਮਦ ਨੂੰ ਹਰਾ ਕੇ ਉਸ ਦੇ ਕਬਜ਼ੇ ਵਿੱਚੋਂ ਸ਼ਾਹ ਸ਼ੁਜਾਹ ਨੂੰ ਆਜ਼ਾਦ ਕਰਵਾਇਆ, ਜਿਸ ਦੇ ਬਦਲੇ ਉਸ ਦੀ ਬੇਗਮ ਨੇ ਕੋਹੇਨੂਰ ਹੀਰਾ ਮਹਾਰਾਜਾ ਨੂੰ ਭੇਂਟ ਕਰ ਦਿੱਤਾ। ਸ. ਹਰੀ ਸਿੰਘ ਦੀ ਸੂਝ-ਬੂਝ ਅਤੇ ਬਹਾਦਰੀ ਸਦਕਾ 1813 ਵਿੱਚ ਅਟਕ ਦਾ ਕਿਲ੍ਹਾ ਵੀ ਖਾਲਸਾ ਰਾਜ ਨੂੰ ਹਾਸਲ ਹੋਇਆ ਅਤੇ ਮੁੰਘੇਰ ਦੇ ਇਲਾਕੇ ਦੇ ਨਵਾਬਾਂ ਨੂੰ ਹਰਾ ਕੇ ਉਨ੍ਹਾਂ ਤੋਂ ਨਜ਼ਰਾਨੇ ਉਗਰਾਹੇ। ਇਸ ਬਹਾਦਰੀ ਸਦਕਾ ਮਹਾਰਾਜੇ ਨੇ ਗੁੱਜਰਾਂਵਾਲਾ ਦਾ ਇਲਾਕਾ ਹਰੀ ਸਿੰਘ ਨਲੂਆ ਨੂੰ ਜਗੀਰ ਵਜੋਂ ਦੇ ਦਿੱਤਾ। ਸੰਨ 1818 ਵਿੱਚ ਨਲੂਆ ਦੀਆਂ ਖਾਲਸਾ ਫੌਜਾਂ ਨੇ ਮੁਲਤਾਨ ਉੱਤੇ ਹਮਲਾ ਕੀਤਾ ਅਤੇ ਨਵਾਬ ਮੁਜ਼ੱਫਰ ਖਾਨ ਦੀਆਂ ਫੌਜਾਂ ਨੂੰ ਹਰਾ ਕੇ ਮੁਲਤਾਨ ਨੂੰ ਖਾਲਸਾ ਰਾਜ ਵਿੱਚ ਸ਼ਾਮਿਲ ਕਰ ਲਿਆ।

ਸੰਨ 1819 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ, ਆਪਣੇ ਹਰੀ ਸਿੰਘ ਨਲੂਆ ਜਿਹੇ ਆਹਲਾ ਜਰਨੈਲਾਂ ਨਾਲ ਕਸ਼ਮੀਰ 'ਤੇ ਹਮਲਾ ਕਰ ਦਿੱਤਾ ਅਤੇ ਉੱਥੋਂ ਦੇ ਜ਼ਾਲਮ ਹਾਕਮ ਮੁਹੰਮਦ ਜ਼ਬਾਰ ਖਾਨ ਦੀ ਭਾਰੀ ਫ਼ੌਜ ਨੂੰ ਹਰਾ ਕੇ ਕਸ਼ਮੀਰ ਨੂੰ ਖਾਲਸਾ ਰਾਜ ਵਿੱਚ ਸ਼ਾਮਿਲ ਕਰ ਲਿਆ ਅਤੇ ਦੀਵਾਨ ਮੋਤੀ ਰਾਮ ਨੂੰ ਗਵਰਨਰ ਥਾਪ ਦਿੱਤਾ। ਪਰ ਜਲਦੀ ਹੀ ਉਥੇ ਦਾ ਰਾਜ ਪ੍ਰਬੰਧ ਢਿੱਲਾ ਪੈ ਜਾਣ ਕਰ ਕੇ ਸ. ਹਰੀ ਸਿੰਘ ਨੂੰ ਕਸ਼ਮੀਰ ਦਾ ਚਾਰਜ ਦਿੱਤਾ ਗਿਆ। ਸ. ਹਰੀ ਸਿੰਘ ਨੇ ਐਸੇ ਸੁਚੱਜੇ ਢੰਗ ਨਾਲ ਰਾਜ ਪ੍ਰਬੰਧ ਚਲਾਇਆ ਕਿ ਮਹਾਰਾਜਾ ਸਾਹਿਬ ਨੇ ਉਨ੍ਹਾਂ ਨੂੰ ਆਪਣੇ ਨਾਮ ਦਾ ਸਿੱਕਾ ਚਲਾਉਣ ਦਾ ਹੁਕਮ

ਦਿੱਤਾ। ਸੰਨ 1821 ਵਿੱਚ ਹਜ਼ਾਰੇ ਦੇ ਇਲਾਕੇ ਵਿੱਚ ਹੋਈ ਬਗਾਵਤ ਨੂੰ ਦਬਾਉਣ ਲਈ ਸ.ਹਰੀ ਸਿੰਘ ਨੂੰ ਉੱਥੋਂ ਦਾ ਗਵਰਨਰ ਨਿਯੁਕਤ ਕੀਤਾ ਗਿਆ। ਸੰਨ 1823 ਵਿੱਚ ਖਾਲਸਾ ਫੌਜ ਨੇ ਪਠਾਣ ਮੁਹੰਮਦ ਅਜ਼ੀਮ ਖਾਨ ਦੀਆਂ ਤੋਪਾਂ ਅਤੇ ਤਕੜੀ ਫੌਜ ਦਾ ਸਾਹਮਣਾ ਕਰਦਿਆਂ ਉਸ ਨੂੰ ਹਰਾ ਕੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ। ਮਹਾਰਾਜਾ ਨੇ ਇੱਥੋਂ ਦਾ ਪ੍ਰਬੰਧ ਠੀਕ ਕਰਨ ਲਈ ਸ. ਹਰੀ ਸਿੰਘ ਨਲੂਆ ਨੂੰ ਕੁੱਝ ਦੇਰ ਇੱਥੇ ਠਹਿਰਣ ਦਾ ਹੁਕਮ ਦਿੱਤਾ। ਪਿਸ਼ਾਵਰ ਵਿੱਚ ਸੱਤ ਮਹੀਨੇ ਰੁਕ ਕੇ ਸ. ਹਰੀ ਸਿੰਘ ਨਲੂਆ ਹਜ਼ਾਰੇ ਵਾਪਿਸ ਆ ਗਏ।

ਪਿਸ਼ਾਵਰ 'ਤੇ ਖਾਲਸੇ ਦੇ ਕਬਜ਼ੇ ਦੀ ਖ਼ਬਰ ਸੁਣ ਕੇ ਕਾਬਲ ਤੋਂ ਦੋਸਤ ਮੁਹੰਮਦ ਖਾਂ ਤਕੜੀ ਫ਼ੌਜ ਲੈ ਕੇ ਪਿਸ਼ਾਵਰ 'ਤੇ ਚੜ੍ਹ ਆਇਆ। ਉਹ ਜਦੋਂ ਹਰੀ ਸਿੰਘ ਨਲੂਆ ਕਮਾਂਡਰ ਇੰਨ ਚੀਫ਼ ਦੀ ਫੌਜ ਦਾ ਮੁਕਾਬਲਾ ਨਾ ਕਰ ਸਕਿਆ ਤਾਂ ਘੇਰੇ ਵਿੱਚੋਂ ਨਿਕਲ ਕੇ ਦਰਾ ਖੈਬਰ ਰਾਹੀਂ ਕਾਬਲ ਜਾ ਵੜਿਆ। ਮਹਾਰਾਜਾ ਰਣਜੀਤ ਸਿੰਘ ਕੁੱਝ ਸਮਾਂ ਇੱਥੇ ਠਹਿਰ ਕੇ ਅਤੇ ਹਰੀ ਸਿੰਘ ਨੂੰ ਪਸ਼ੌਰ ਦਾ ਗਵਰਨਰ ਥਾਪ ਕੇ ਲਾਹੌਰ ਆ ਗਏ। ਸਭ ਤੋਂ ਪਹਿਲਾਂ ਹਰੀ ਸਿੰਘ ਨੇ ਹਿੰਦੂਆਂ ਦਾ ਜਜ਼ੀਆ ਮੁਆਫ਼ ਕੀਤਾ ਅਤੇ ਜਨਤਾ ਲਈ ਹੋਰ ਕਈ ਸਹੂਲਤਾਂ ਦਾ ਪ੍ਰਬੰਧ ਕੀਤਾ। ਪਿਸ਼ਾਵਰ ਦੇ ਸਾਰੇ ਇਲਾਕੇ ਦਾ ਦੌਰਾ ਕਰ ਕੇ ਜਿੱਥੇ ਕਿਤੇ ਲੋੜ ਸੀ, ਕਿਲ੍ਹਿਆਂ ਦੀ ਉਸਾਰੀ ਕਰਵਾਈ ਅਤੇ ਖਾਲਸਾ ਫ਼ੌਜ ਦੀਆਂ ਚੌਂਕੀਆਂ ਬਿਠਾਈਆਂ ਗਈਆਂ। ਇਨ੍ਹਾਂ ਦੇ ਪ੍ਰਬੰਧਾਂ ਨੂੰ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਹਰੀ ਸਿੰਘ ਨੂੰ ਆਪਣੇ ਨਾਂ ਦਾ ਸਿੱਕਾ ਚਲਾਉਣ ਦਾ ਰੁਤਬਾ ਬਖਸ਼ਿਆ।

ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ 1831 ਵਿੱਚ ਰੋਪੜ ਵਿਖੇ ਹੋਈ ਸੰਧੀ ਨੂੰ ਨੇਪਰੇ ਚਾੜ੍ਹਨ ਵਿੱਚ ਵੀ ਸ. ਹਰੀ ਸਿੰਘ ਨਲੂਆ ਦੀ ਸਿਆਣਪ ਅਤੇ ਸੂਝ-ਬੂਝ ਨੇ ਵਿਸ਼ੇਸ਼ ਯੋਗਦਾਨ ਪਾਇਆ। ਮਹਾਰਾਜਾ ਨੇ ਮੁਢਲੀਆਂ ਮੁਲਾਕਾਤਾਂ ਲਈ ਸਿੱਖ ਮਿਸ਼ਨ ਸ. ਹਰੀ ਸਿੰਘ ਦੀ ਅਗਵਾਈ ਹੇਠ ਸ਼ਿਮਲੇ ਲਾਰਡ ਵਿਲੀਅਮ ਬੈਨਟਿੰਗ ਨੂੰ ਮਿਲਣ ਲਈ ਭੇਜਿਆ। ਇਸ ਮੁਲਾਕਾਤ ਦੌਰਾਨ ਅੰਗ੍ਰੇਜ਼ ਗਵਰਨਰ ਸਰਦਾਰ ਜੀ ਦੇ ਮੂੰਹੋਂ ਈਸਟ ਇੰਡੀਆ ਕੰਪਨੀ ਦੀਆਂ ਗੁਪਤ ਪਾਲਸੀਆਂ ਤੇ ਯੂਰਪ ਤੱਕ ਦੀਆਂ ਖ਼ਬਰਾਂ ਸੁਣ ਕੇ ਹੈਰਾਨ ਰਹਿ ਗਿਆ। 25 ਅਕਤੂਬਰ, 1831 ਨੂੰ ਰੋਪੜ ਵਿਖੇ ਸਤਲੁਜ ਦਰਿਆ ਕੰਢੇ ਹੋਈ ਆਖਰੀ ਮੁਲਾਕਾਤ ਦੇ ਮੁਖੀ ਸ. ਹਰੀ ਸਿੰਘ ਨਲੂਆ ਹੀ ਸਨ।

ਹਰੀ ਸਿੰਘ ਨੇ ਹਮਲਾਵਰਾਂ ਦੇ ਰਾਹ ਵਿੱਚ ਰੋਕ ਪਾਉਣ ਲਈ ਪਿਸ਼ਾਵਰ ਦੇ ਸਰਹੱਦੀ ਇਲਾਕੇ ਵਿੱਚ ਦਰਾ ਖੈਬਰ ਦੇ ਮੂੰਹ 'ਤੇ ਇੱਕ ਉੱਚੇ ਜਿਹੇ ਥੇਹ ਉੱਤੇ 17 ਅਕਤੂਬਰ, 1836 ਨੂੰ ਜਮਰੌਦ ਦੇ ਕਿਲ੍ਹੇ ਦੀ ਨੀਂਹ ਰੱਖੀ ਅਤੇ ਇਸ ਦੀ ਤਿਆਰੀ ਵੀ ਪਠਾਣਾਂ ਤੋਂ ਇੱਕ ਕੌਡੀ, ਇੱਕ ਟੋਕਰੀ ਦੇ ਕੇ ਕਰਵਾਈ। ਇਹ ਕਿਲ੍ਹਾ ਬਣਨ ਨਾਲ ਪਠਾਣਾ ਨੂੰ ਪੰਜਾਬ ਵਿੱਚ ਦਾਖ਼ਲ ਹੋਣ ਦਾ ਰਾਹ ਸਦਾ ਲਈ ਬੰਦ ਦਿਸਿਆ। ਇਸ ਲਈ ਦੋਸਤ ਮੁਹੰਮਦ ਖਾਂ ਨੇ ਆਪਣੇ ਪੰਜ ਪੁੱਤਰਾਂ ਨੂੰ ਸ਼ਹੀਦੀ ਗਾਨੇ ਬੰਨ੍ਹ ਕੇ ਅਣਗਿਣਤ ਮੁਲਖਈਏ ਤੇ 30 ਹਜ਼ਾਰ ਫ਼ੌਜ ਦੇ ਕੇ 27 ਅਪ੍ਰੈਲ, 1837 ਨੂੰ ਜਮਰੌਦ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਇਸ ਸਮੇਂ ਸ. ਹਰੀ ਸਿੰਘ ਨਲੂਆ ਪਿਸ਼ਾਵਰ ਵਿੱਚ ਬੀਮਾਰ ਪਏ ਸਨ ਅਤੇ ਖਾਲਸਾ ਫ਼ੌਜ ਵੀ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਕਾਰਨ ਲਾਹੌਰ ਆਈ ਹੋਈ ਸੀ। ਜਮਰੌਦ ਦੇ ਕਿਲ੍ਹੇ ਵਿੱਚ ਸ. ਮਹਾਂ ਸਿੰਘ ਦੀ ਕਮਾਨ ਹੇਠ ਕੇਵਲ 800 ਫ਼ੌਜੀ ਜਵਾਨ ਸਨ। ਜਦੋਂ ਇਸ ਹਮਲੇ ਦੀ ਸੂਚਨਾ ਸ. ਹਰੀ ਸਿੰਘ ਨੂੰ ਮਿਲੀ ਤਾਂ ਉਹ ਡਾਕਟਰਾਂ ਦੀ ਸਲਾਹ ਦੇ ਉਲਟ ਆਪਣੇ 5 ਹਜ਼ਾਰ ਦੇ ਕਰੀਬ ਫ਼ੌਜੀਆਂ ਨੂੰ ਲੈ ਕੇ ਜਮਰੌਦ ਵੱਲ ਚੱਲ ਪਿਆ। ਹੋਰ ਫੌਜ ਭੇਜਣ ਲਈ ਹਰੀ ਸਿੰਘ ਵਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਲਿਖੇ ਖਤ ਡੋਗਰਿਆਂ ਨੇ ਉਨ੍ਹਾਂ ਨੂੰ ਪੁੱਜਣ ਨਾ ਦਿੱਤੇ। ਖਾਲਸਾ ਫ਼ੌਜ ਦੀ ਕਮੀ ਦੇ ਬਾਵਜੂਦ ਘਮਾਸਾਨ ਯੁੱਧ ਹੋਇਆ ਅਤੇ ਪਠਾਣਾ ਨੇ ਮੈਦਾਨ ਛੱਡ ਕੇ ਨੱਸਣਾ ਸ਼ੁਰੂ ਕਰ ਦਿੱਤਾ। ਸ. ਹਰੀ ਸਿੰਘ ਦੇ ਤਿੰਨ ਜਥਿਆਂ ਨੇ ਪਠਾਣੀ ਫ਼ੌਜ ਨੂੰ ਅੱਗੇ ਲਾ ਲਿਆ। ਸ.ਨਿਧਾਨ ਸਿੰਘ ਵੈਰੀ ਨੂੰ ਦਬਾਉਂਦਾ ਹੋਇਆ ਦੱਰਾ ਖੈਬਰ ਵਿੱਚੋਂ ਦੂਰ ਨਿਕਲ ਗਿਆ। ਸ. ਹਰੀ ਸਿੰਘ ਜੀ ਉਸ ਦੀ ਮਦਦ ਲਈ ਆਪਣੇ ਜਥੇ ਸਮੇਤ ਮਗਰ ਗਏ। ਇਸ ਸਮੇਂ ਹਨੇਰਾ ਹੋ ਗਿਆ ਸੀ। ਅਚਾਨਕ ਸ. ਹਰੀ ਸਿੰਘ ਦੇ ਦੋ ਗੋਲੀਆਂ ਆ ਲੱਗੀਆਂ ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਕਿਲ੍ਹੇ ਵਿੱਚ ਲਿਆਂਦਾ ਗਿਆ। ਗੋਲੀਆਂ ਤਾਂ ਕੱਢ ਦਿੱਤੀਆਂ ਗਈਆਂ ਪਰ ਜ਼ਖਮ ਗੰਭੀਰ ਸਨ। ਆਪਣਾ ਆਖਰੀ ਸਮਾਂ ਜਾਣ ਕੇ ਹਰੀ ਸਿੰਘ ਨੇ ਸਮੂਹ ਖ਼ਾਲਸੇ ਨੂੰ ਫ਼ਤਹਿ ਬੁਲਾਈ ਅਤੇ ਸਦਾ ਦੀ ਨੀਂਦ ਸੌਂ ਗਏ। ਇਸ ਪ੍ਰਕਾਰ ਇਕ ਸੁਚੱਜੇ ਪ੍ਰਬੰਧਕ, ਸੁਲਝੇ ਨੀਤੀਵਾਨ, ਸਿਆਣੇ ਤੇ ਬਹਾਦਰ ਜਰਨੈਲ, ਧਾਰਮਿਕ ਗੁਣਾਂ ਦੇ ਮਾਲਕ, ਵਿਦਵਾਨ, ਨਿਡਰ ਅਤੇ ਕੁਰਬਾਨੀ ਦੇ ਪੁੰਜ ਯੋਧੇ ਨੇ ਆਪਣਾ ਜੀਵਨ ਖਾਲਸੇ ਦੇ ਲੇਖੇ ਲਾ ਕੇ ਸੰਸਾਰ ਨੂੰ ਅਲਵਿਦਾ ਕਹੀ। ਖਾਲਸੇ ਦੀ ਪਠਾਣਾ ਨਾਲ ਇਹ ਆਖ਼ਰੀ ਲੜਾਈ ਸੀ। ਇਸ ਦਿਨ ਤੋਂ ਬਾਅਦ ਕਦੇ ਵੀ ਹਿੰਦੁਸਤਾਨ ਉੱਤੇ ਅਫ਼ਗਾਨਿਸਤਾਨ ਵਲੋਂ ਹਮਲਾ ਨਹੀਂ ਹੋਇਆ ਅਤੇ ਖ਼ਾਲਸਾ ਰਾਜ ਵਿੱਚ ਕੋਈ ਨਵਾਂ ਇਲਾਕਾ ਵੀ ਸ਼ਾਮਿਲ ਨਹੀਂ ਕੀਤਾ ਗਿਆ।

ਸ. ਹਰੀ ਸਿੰਘ ਨਲੂਆ ਦੀ ਹਿੰਦੁਸਤਾਨ ਨੂੰ ਬਹੁਮੱਲੀ ਦੇਣ ਹੈ। ਪਸ਼ੌਰ ਦੇ ਇਲਾਕੇ ਨੂੰ ਖਾਲਸਾ ਰਾਜ ਵਿੱਚ ਮਿਲਾਉਣ ਤੋਂ 836 ਸਾਲ ਪਹਿਲਾਂ ਲਾਹੌਰ ਦੇ ਹਿੰਦੂ ਰਾਜੇ ਜੈ ਪਾਲ ਦਾ ਇਸ 'ਤੇ ਕਬਜ਼ਾ ਸੀ ਜੋ ਕਿ 998 ਈ. ਵਿੱਚ ਅਫ਼ਗਾਨੀਆਂ ਨਾਲ ਲੜਾਈ ਵਿੱਚ ਮਾਰਿਆ ਗਿਆ। ਬਾਅਦ ਵਿੱਚ ਹਿੰਦੁਸਤਾਨ ਦੀਆਂ ਮਿਲਵੀਆਂ ਤਾਕਤਾਂ ਨੇ ਲੱਖ ਵਾਰ ਕੋਸ਼ਿਸ਼ ਕੀਤੀ, ਕਰੋੜਾਂ ਰੁਪਏ ਤੇ ਲੱਖਾਂ ਜਾਨਾਂ ਕੁਰਬਾਨ ਹੋਈਆਂ ਪਰ ਪਸ਼ੌਰ ਆਜ਼ਾਦ ਨਾ ਹੋ ਸਕਿਆ। ਸ. ਹਰੀ ਸਿੰਘ ਨਲੂਆ ਨੇ ਆਪਣੀ ਤਲਵਾਰ ਦੇ ਜ਼ੋਰ ਪਸ਼ੌਰ ਨੂੰ ਪੰਜਾਬ ਰਾਜ ਵਿੱਚ

ਸ਼ਾਮਿਲ ਕਰ ਲਿਆ। ਉਹ ਪਠਾਣ ਜੋ ਪਿਛਲੀਆਂ ਅੱਠ ਸਦੀਆਂ ਤੋਂ ਹਿੰਦੁਸਤਾਨ ਦੀ ਇੱਜ਼ਤ ਤੇ ਦੌਲਤ ਲੁੱਟ ਰਹੇ ਸਨ ਅਤੇ ਧੁਰ ਬੰਗਾਲ ਦੇ ਥੱਲੇ ਦੱਖਣ ਤੱਕ ਕੋਈ ਉਨ੍ਹਾਂ ਦਾ ਮੁਕਾਬਲਾ ਕਰਨ ਵਾਲਾ ਨਹੀਂ ਸੀ ਤੇ ਲੋਕ ਪਠਾਣਾ ਦੇ ਪਰਛਾਵੇਂ ਤੋਂ ਵੀ ਡਰਦੇ ਸਨ, ਬਹਾਦਰ ਹਰੀ ਸਿੰਘ ਨਲੂਆ ਦਾ ਪਠਾਣਾਂ ਨਾਲ ਲੜਾਈਆਂ ਬਾਅਦ ਅਜਿਹਾ ਸਿੱਕਾ ਬੈਠਾ ਕਿ ਯੂਸਫ਼ਜ਼ਈ ਦੀਆਂ ਪਹਾੜੀਆਂ ਦੇ ਪਠਾਣ ਸਰਦਾਰ ਹਰੀ ਸਿੰਘ ਨਲੂਆ ਦਾ ਨਾਂ ਸੁਣ ਕੇ ਡਰਦੇ ਕੰਬਣ ਲੱਗੇ। ਪਠਾਣੀਆਂ ਆਪਣੇ ਰੋਂਦੇ ਬੱਚਿਆਂ ਨੂੰ " ਚੁੱਪ ਸ਼ਾ ਬਚਿਆ, ਹਰੀਆ ਰਾਗਲੈ"( ਪੁੱਤਰਾ ਚੁੱਪ ਹੋ ਜਾ ਹਰੀ ਸਿੰਘ ਆਉਂਦਾ ਪਿਆ) ਕਹਿ ਕੇ ਚੁੱਪ ਕਰਾਉਂਦੀਆਂ। ਪਿਸ਼ਾਵਰ ਜਿੱਤਣ ਤੋਂ ਬਾਦ ਕਿਸੇ ਪਠਾਣ ਦੀ ਹਿੰਮਤ ਨਹੀਂ ਪਈ ਕਿ ਹਿੰਦੁਸਤਾਨ ਵੱਲ ਕੈਰੀ ਨਜ਼ਰ ਨਾਲ ਦੇਖੇ। ਉਹ ਕਹੀਆਂ ਚੁੱਕ ਕੇ ਮਜ਼ਦੂਰੀ ਕਰਨ ਤਾਂ ਆਏ ਪਰ ਹਮਲਾਵਰ ਬਣ ਕੇ ਫਿਰ ਨਾ ਆ ਸਕੇ।

## ਸ਼ਰਧਾਂਜਲੀ

ਪੇਂਡੂ ਖੇਤਰ ਵਿੱਚ ਵਿੱਦਿਆ ਦਾ ਪ੍ਰਸਾਰ ਕਰਨ ਵਾਲੇ, ਅਗਾਂਹਵਧੂ ਸੋਚਣੀ ਦੇ ਮਾਲਕ ਤੇ ਸਾਫ਼ਸੁਥਰੀ ਪੱਤਰਕਾਰੀ ਲਈ ਪ੍ਰਤਿਬੱਧ ਸਮਾਜਸੇਵੀ ਚਮਕੌਰ ਸਾਹਿਬ ਦੇ ਵਸਨੀਕ ਸ.ਸਵਰਨ ਸਿੰਘ ਭੰਗੂ 4 ਜੂਨ, 2026 ਨੂੰ ਵਾਪਰੀ ਮੰਦਭਾਗੀ ਘਟਨਾ ਸਮੇਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਆਪ ਪੰਜਾਬੀ ਫਿਲਮਾਂ ਦੀ ਪ੍ਰਸਿੱਧ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਦੇ ਪਤੀ ਸਨ। ਭੰਗੂ ਸਾਹਿਬ ਕੰਗ ਯਾਦਗਾਰੀ ਸਿੱਖਿਆ ਸੰਸਥਾ ਬਸੀ ਗੁਜਰਾਂ ਦੇ ਪ੍ਰਬੰਧਕ ਸਨ ਅਤੇ ਸਮਾਜ ਦੇ ਹਰ ਖੇਤਰ ਵਿੱਚ ਸਰਗਰਮ ਰਹਿੰਦੇ ਸਨ। ਆਪ ਦੀ ਇੱਛਾ ਅਨੁਸਾਰ ਆਪ ਦੀ ਮਿਰਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਪੀ.ਜੀ.ਆਈ ਚੰਡੀਗੜ੍ਹ ਨੂੰ ਦਾਨ ਕਰ ਦਿੱਤੀ ਗਈ ਹੈ। ਸੈਣੀ ਭਵਨ ਦੇ ਪ੍ਰਬੰਧਕ ਇਸ ਮਹਾਨ ਸਖਸ਼ੀਅਤ ਦੇ ਅਕਾਲ ਚਲਾਣੇ 'ਤੇ ਡੂੰਘੀ ਵੇਦਨਾ ਪ੍ਰਗਟ ਕਰਦੇ ਹਨ।



## ਵਧਾਈ

ਕੈਨੇਡਾ ਵਿੱਚ ਕੈਲਗਰੀ ਵਿਖੇ ਰਹਿੰਦੇ ਸ. ਜਸਵੰਤ ਸਿੰਘ ਜਗੈਤ ਦੀ ਕਾਵਿਪੁਸਤਕ 'ਹਵਾ ਵਿੱਚ ਲਟਕਦੇ ਲੋਕ' ਨੂੰ 6 ਜੂਨ, 2026 ਨੂੰ ਲੋਕਅਰਪਣ ਕੀਤਾ ਗਿਆ ਹੈ। ਰਚਨਾਕਾਰ ਨੇ ਆਪਣੀ ਕਲਮ ਰਾਹੀਂ ਸਮਾਜਸੁਧਾਰ ਅਤੇ ਮਨੁੱਖਤਾ ਦੇ ਭਲੇ ਦਾ ਹੋਕਾ ਦਿੱਤਾ ਹੈ। ਇਹ ਉਸ ਦੀ ਦੂਸਰੀ ਪੁਸਤਕ ਹੈ। 88 ਸਾਲ ਦੇ ਸ.ਜਸਵੰਤ ਸਿੰਘ ਸੈਣੀ ਭਵਨ ਰੂਪਨਗਰ ਦੇ ਹਿਤੈਸ਼ੀ ਅਤੇ ਸ਼ੁੱਭਚਿੰਤਕ ਹਨ।

## ਵਧਾਈਆਂ
## ਪੰਜਾਬੀਆਂ ਦੀ ਸ਼ਾਨ ਵੱਖਰੀ

**ਦੌੜਾਕ ਗੁਰਿੰਦਰਵੀਰ ਸਿੰਘ–** ਜਲੰਧਰ ਦੇ ਭੋਗਪੁਰ ਕਸਬੇ ਨੇੜੇ ਪਿੰਡ ਪਤਿਆਲ ਵਿੱਚ ਸ.ਕਮਲਜੀਤ ਸਿੰਘ ਦੇ ਘਰ 24 ਦਸੰਬਰ, 2000 ਨੂੰ ਜਨਮੇ ਗੁਰਿੰਦਰਵੀਰ ਸਿੰਘ ਪੰਨੂ ਨੇ 23 ਮਈ, 2026 ਨੂੰ ਰਾਂਚੀ ਵਿਖੇ ਆਯੋਜਿਤ ਨੈਸ਼ਨਲ ਸੀਨੀਅਰ ਐਥਲੈਟਿਕਸ ਫੈਡਰੇਸ਼ਨ ਮੁਕਾਬਲੇ ਸਮੇਂ 100 ਮੀਟਰ ਫਰਾਟਾ ਦੌੜ ਵਿੱਚ 10.09 ਸੈਕਿੰਡ ਦਾ ਨਵਾਂ ਕੀਰਤੀਮਾਨ ਸਥਾਪਿਤ ਕਰ ਕੇ ਦੇਸ਼ ਦਾ ਹੁਣ ਤੱਕ ਦਾ ਸਭ ਤੋਂ ਤੇਜ਼ ਦੌੜਾਕ ਹੋਣ ਦਾ ਮਾਣ ਹਾਸਿਲ ਕੀਤਾ ਹੈ। ਉਸ ਦੀ ਇਸ ਪ੍ਰਾਪਤੀ ਨੇ ਓਲੰਪਿਕਸ ਦੇ ਬੇਤਾਜ ਬਾਦਸ਼ਾਹ ਦੌੜਾਕ ਉਸੈਨ ਬੋਲਟ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ ਜਿਸ ਨੇ ਇਹ ਦੌੜ 9.58 ਸੈਕਿੰਡ ਪੂਰੀ ਕਰ ਕੇ ਵਿਸ਼ਵ ਰਿਕਾਰਡ ਸਥਾਪਿਤ ਕੀਤਾ ਸੀ। ਇਸ ਬਾਕਮਾਲ ਪ੍ਰਦਰਸ਼ਨ ਨਾਲ ਗੁਰਿੰਦਰਵੀਰ ਨੇ ਆਉਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਲਈ ਵੀ ਕੁਆਲੀਫਾਈ ਕਰ ਲਿਆ ਹੈ ਅਤੇ ਦੇਸ਼ ਲਈ ਇਸ ਈਵੈਂਟ ਵਿੱਚ ਤਗਮੇ ਦੀ ਆਸ ਜਗਾ ਦਿੱਤੀ ਹੈ। ਉਹ ਇਸ ਸਮੇਂ ਭਾਰਤੀ ਨੇਵੀ ਵਿੱਚ ਪੈਟੀ ਅਫ਼ਸਰ ਹੈ।

ਉਸ ਨੇ ਸਾਲ 2017 ਦੀ ਏਸ਼ੀਅਨ ਅੰਡਰ–18 ਚੈਂਪੀਅਨਸ਼ਿਪ ਵਿੱਚ ਭਾਰਤ ਲਈ ਸੋਨੇ ਦਾ ਤਮਗਾ ਜਿੱਤਿਆ ਸੀ ਅਤੇ 2019 ਦੀਆਂ ਦੱਖਣੀ ਏਸ਼ੀਅਨ ਖੇਡਾਂ ਵਿੱਚ 4x400 ਮੀਟਰ ਰਿਲੇਅ ਦੌੜ ਵਿੱਚ ਦੇਸ਼ ਦੀ ਝੋਲੀ ਚਾਂਦੀ ਦਾ ਤਮਗਾ ਪਾਇਆ ਸੀ। ਗੁਰਿੰਦਰਵੀਰ ਸਿੰਘ ਦੀ ਇਹ ਬੇਮਿਸਾਲ ਪ੍ਰਾਪਤੀ ਪੰਜਾਬ ਦੀ ਨਿਰਾਸ਼ਾ ਵਿੱਚ ਡੁੱਬ ਰਹੀ ਜਵਾਨੀ ਲਈ ਉਮੀਦ ਦੀ ਨਵੀਂ ਕਿਰਨ ਵੀ ਹੈ।

**ਪਰਬਤਾਰੋਹੀ ਅਜੈਪਾਲ ਸਿੰਘ ਧਾਲੀਵਾਲ–** ਕੈਨੇਡਾ ਵਿੱਚ ਬਰੈਂਪਟਨ ਵਿਖੇ ਰਹਿਣ ਵਾਲੇ ਅਤੇ ਪੰਜਾਬ ਦੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਕਾਸਮ ਭੱਟੀ ਮੂਲ ਦੇ ਵਕੀਲ ਅਜੈਪਾਲ ਸਿੰਘ ਨੇ 20 ਮਈ, 2026 ਨੂੰ 8848.86 ਮੀਟਰ ਉੱਚੀ ਸੰਸਾਰ ਦੀ ਸਭ ਤੋਂ ਉੱਚੀ ਐਵਰੈਸਟ ਦੀ ਚੋਟੀ 'ਤੇ ਚੜ੍ਹ ਕੇ ਇਤਿਹਾਸ ਸਿਰਜਿਆ ਹੈ। ਇਹ ਸਫ਼ਲਤਾ ਹਾਸਲ ਕਰਨ ਵਾਲਾ ਉਹ ਪਹਿਲਾ ਕੈਨੇਡੀਅਨ ਪੰਜਾਬੀ ਹੈ। ਉਸ ਦੀ ਇਹ ਕਾਮਯਾਬੀ ਅਸਾਧਾਰਨ ਹਾਲਤਾਂ ਵਿੱਚ ਅਟੁੱਟ ਵਿਸ਼ਵਾਸ ਅਤੇ ਜ਼ਿੰਦਾਦਿਲੀ ਦੀ ਮਿਸਾਲ ਹੈ। ਚੋਟੀ 'ਤੇ ਪਹੁੰਚ ਕੇ ਉਸ ਨੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਲਿਖੀ ਤਖ਼ਤੀ ਲਹਿਰਾਈ। ਚੋਟੀ ਤੋਂ ਹੇਠਾਂ ਉੱਤਰਦੇ ਸਮੇਂ ਅਜੈਪਾਲ ਸਿੰਘ ਆਪਣੇ ਗਰੁੱਪ ਅਤੇ ਸ਼ੇਰਪਾ ਤੋਂ ਵੱਖ ਹੋ ਗਿਆ। ਹਨੇਰਾ, ਮੁੱਕ ਰਹੀ ਆਕਸੀਜਨ ਅਤੇ ਹੱਡਚੀਰਵੀਂ ਠੰਢ ਕਾਰਨ ਉਹ ਐਵਰੈਸਟ ਦੇ ਖ਼ਤਰਨਾਕ 'ਡੈਥ ਜੋਨ' ਵਿੱਚ ਫਸ ਗਿਆ। ਅਜਿਹੇ ਨਾਜ਼ੁਕ ਸਮੇਂ ਉਸ ਨੇ ਸ਼ਹੀਦ ਬਾਬਾ ਦੀਪ ਸਿੰਘ ਅੱਗੇ ਅਰਦਾਸ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਬੋਲ, 'ਨਿਸ਼ਚੈ ਕਰ ਅਪੁਨੀ ਜੀਤ ਕਰੋਂ' ਦਾ ਵਾਰ ਵਾਰ ਸਿਮਰਨ ਕੀਤਾ।

ਆਧੁਨਿਕਤਾ ਦਾ ਦੁਖਾਂਤ

# ਮੌਤ ਦਾ ਸਬੂਤ - ਪਿੰਜਰ

ਡਾ. ਜਸਵੰਤ ਕੌਰ
ਰੂਪਨਗਰ



ਭਾਰਤ ਦੇ ਓਡੀਸਾ ਸੂਬੇ ਦੇ ਜ਼ਿਲ੍ਹਾ ਕਿਉਂਝਰ ਤੋਂ ਇਸ ਸਾਲ ਦੇ ਅਪ੍ਰੈਲ ਮਹੀਨੇ ਦੇ ਆਖੀਰ ਵਿੱਚ ਸਾਹਮਣੇ ਆਈ ਇੱਕ ਤਸਵੀਰ ਰੂਹ ਨੂੰ ਕੰਬਾ ਦੇਣ ਵਾਲੀ ਹੈ। ਇਸ ਵਿੱਚ ਇੱਕ ਕਬਾਇਲੀ ਵਿਅਕਤੀ ਨੰਗੇ ਧੜ ਅਧੂਰੀ ਧੋਤੀ ਪਹਿਨ ਕੇ ਆਪਣੇ ਪਿੰਡ ਦੀਆਨਾਲੀ ਤੋਂ ਮੱਲੋਂਪੇਸੀ ਵਿਖੇ ਸਥਿਤ ਬੈਂਕ ਦੀ ਸੜਕ 'ਤੇ ਆਪਣੀ ਮ੍ਰਿਤਕ ਭੈਣ ਦਾ ਪਿੰਜਰ ਲੈ ਕੇ ਤੁਰਿਆ ਜਾ ਰਿਹਾ ਹੈ। ਉਸ ਦੀ ਮਜ਼ਬੂਰੀ ਅਤੇ ਮਕਸਦ ਬੇਹੱਦ ਦਰਦਨਾਕ ਹਨ। ਉਹ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਉਸ ਦੀ ਭੈਣ ਸਚੁਮੱਚ ਮਰ ਚੁੱਕੀ ਹੈ ਤਾਂ ਜੋ ਉਸ ਦੇ ਖਾਤੇ ਵਿੱਚੋਂ ਪਰਿਵਾਰ ਦੀਆਂ ਲੋੜਾਂ ਲਈ 19300 ਰੁਪਏ ਕਢਵਾ ਸਕੇ। ਉਸ ਦੀ ਭੈਣ ਇਸੇ ਵਰ੍ਹੇ ਜਨਵਰੀ ਵਿੱਚ ਮਰ ਚੁੱਕੀ ਸੀ। ਮਰਨ ਤੋਂ ਪਹਿਲਾਂ ਉਸ ਨੇ ਆਪਣੇ ਭਰਾ ਜੀਤੂ ਮੁੰਡਾ ਨੂੰ ਆਪਣਾ ਵਾਰਸ ਹੋਣ ਨਾਤੇ ਇਹ ਰਕਮ ਬੈਂਕ ਖਾਤੇ ਵਿੱਚੋਂ ਕਢਵਾਉਣ ਲਈ ਆਖਿਆ ਸੀ। ਹੁਣ ਬੈਂਕ ਅਧਿਕਾਰੀ ਪੈਸੇ ਦੇਣ ਲਈ ਉਸ ਤੋਂ ਵਾਰ-ਵਾਰ ਉਸ ਦੀ ਭੈਣ ਦੀ ਮੌਤ ਦਾ ਸਬੂਤ ਮੰਗ ਰਹੇ ਸਨ, ਜਿਸ ਤੋਂ ਉਹ ਬਹੁਤ ਪ੍ਰੇਸ਼ਾਨ ਹੋ ਗਿਆ ਸੀ। ਅਸਲੀਅਤ ਇਹ ਹੈ ਕਿ ਪੇਂਡੂ ਅਤੇ ਖਾਸ ਕਰ ਕੇ ਕਬਾਇਲੀ ਇਲਾਕਿਆਂ ਵਿੱਚ ਮੌਤ ਦਾ ਪ੍ਰਮਾਣ ਪੱਤਰ ਹਾਸਲ ਕਰਨਾ ਬਹੁਤ ਮੁਸ਼ਕਲ ਹੈ।

ਉਸ ਆਦਿਵਾਸੀ ਨੂੰ ਇਸ ਪ੍ਰੇਸ਼ਾਨੀ ਤੋਂ ਛੁਟਕਾਰਾ ਪਾਉਣ ਦਾ ਇਹੋ ਤਰੀਕਾ ਸਮਝ ਆਇਆ ਕਿ ਜੇਕਰ ਉਹ ਬੈਂਕ ਵਾਲਿਆਂ ਨੂੰ ਆਪਣੀ ਭੈਣ ਦਾ ਪਿੰਜਰ ਦਿਖਾ ਦੇਵੇਗਾ ਤਾਂ ਉਸ ਦੀ ਮੌਤ ਬਾਰੇ ਯਕੀਨ ਆ ਜਾਵੇਗਾ। ਜੀਤੂ ਨੂੰ ਲੱਗਿਆ ਕਿ ਉਹ ਆਪਣੀ ਭੈਣ ਦੀ ਮੌਤ ਦਾ ਇਸ ਤੋਂ ਵੱਧ ਠੋਸ ਸਬੂਤ ਹੋਰ ਨਹੀਂ ਦੇ ਸਕਦਾ। ਬੈਂਕ ਦੇ ਬੂਹੇ 'ਤੇ ਬੇਵੱਸ ਜਿਹੇ ਬੈਠੇ ਜੀਤੂ ਮੁੰਡਾ ਦੇ ਇੱਕ ਪਾਸੇ ਕੱਪੜੇ 'ਚ ਲਪੇਟਿਆ ਉਸ ਦੀ ਭੈਣ ਦਾ ਪਿੰਜਰ ਹੈ ਜੋ ਉਹ ਕਬਰ ਮੁੜ ਪੁੱਟ ਕੇ ਉਸ ਵਿੱਚੋਂ ਕੱਢ ਕੇ ਲਿਆਇਆ ਹੈ। ਉਸ ਪਿੰਜਰ ਦੀਆਂ ਲੱਤਾਂ ਅਤੇ ਪੈਰਾਂ ਦੀਆਂ ਹੱਡੀਆਂ ਕੱਪੜੇ ਤੋਂ ਬਾਹਰ ਦਿਸਦੀਆਂ ਹਨ। ਰਾਹ ਵਿੱਚ ਚੱਲਦਿਆਂ ਥਾਂ-ਥਾਂ ਲੋਕਾਂ ਨੇ ਉਸ ਦੀਆਂ ਵੀਡੀਓਜ਼ ਬਣਾ ਲਈਆਂ ਜੋ ਹੁਣ ਸਮੁੱਚੇ ਸੋਸ਼ਲ ਮੀਡੀਆ 'ਤੇ ਵਾਇਰਲ ਹਨ। ਇਸ ਨੇ ਪੂਰੀ ਦੁਨੀਆਂ ਵਿੱਚ ਸਾਡੇ ਦੇਸ਼ ਦੀ ਸਰਕਾਰੀ ਵਿਵਸਥਾ ਦਾ ਪਾਜ ਉਧੇੜ ਕੇ ਰੱਖ ਦਿੱਤਾ ਹੈ। ਇਸ ਨੇ ਇਹ ਹਕੀਕਤ ਸਾਹਮਣੇ ਲਿਆ ਦਿੱਤੀ ਹੈ ਕਿ ਇਹ ਵਿਵਸਥਾ ਅਮੀਰਾਂ ਦੀ ਜੀ-ਹਜ਼ੂਰ ਤਾਂ ਹੈ ਪਰ ਗ਼ੁਰਬਤ ਮਾਰੇ ਲੋਕਾਂ ਪ੍ਰਤੀ ਇਸ ਕੋਲੋਂ ਤਰਸ ਤੇ ਹਮਦਰਦੀ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ।

ਇਹ ਘਟਨਾ ਦੇਸ਼ ਵਿੱਚ ਇੱਕ ਗਰੀਬ ਬੰਦੇ ਦੀ ਹਾਲਤ ਨੂੰ ਬਿਆਨ ਕਰਦੀ ਹੈ। ਦੁਨੀਆਂ ਵਿੱਚ ਚੌਥਾ ਅਰਥਚਾਰਾ ਹੋਣ ਦਾ ਦਮਗਜ਼ਾ ਮਾਰਨ ਵਾਲੇ ਭਾਰਤ ਤੇ ਦੇਸ਼ਵਾਸੀਆਂ ਨੂੰ ਹਕੀਕਤ ਦਾ ਸ਼ੀਸ਼ਾ ਦਿਖਾਉਣ ਲਈ ਬੈਂਕ ਦੇ ਬੂਹੇ 'ਤੇ ਪਿਆ ਇਹ ਪਿੰਜਰ ਹੀ ਕਾਫ਼ੀ ਹੈ। ਸੋਚੋ ਕਿ ਦੇਸ਼ ਵਿੱਚ ਇੱਕ ਗਰੀਬ ਨੂੰ ਆਪਣੇ ਹੀ ਪੈਸੇ ਕਢਵਾਉਣ ਲਈ ਕਿਸ ਪੀੜਾ ਵਿੱਚੋਂ ਲੰਘਣਾ ਪੈਂਦਾ ਹੈ ਜਦੋਂ ਕਿ ਅਮੀਰ ਪੂੰਜੀਪਤੀਆਂ ਦੇ ਲੱਖਾਂ ਰੁਪਏ ਦੇ ਕਰਜ਼ੇ ਝੱਟ ਮੁਆਫ਼ ਹੋ ਜਾਂਦੇ ਹਨ। ਅਜਿਹੀਆਂ ਕਰਜ਼ਾਮੁਆਫ਼ੀ ਦੀਆਂ ਸਹੂਲਤਾਂ ਦਾ ਲਾਭ ਲੈਣ ਲਈ ਵੱਡੇ ਘਰਾਣਿਆਂ ਦੇ ਲੋਕਾਂ ਨੂੰ ਸੇਧ ਤੇ ਸਹੂਲਤ ਦੇਣ ਲਈ ਬੈਂਕਾਂ ਵਿੱਚ 'ਰਿਲੇਸ਼ਨਸ਼ਿਪ ਮੈਨੇਜਰ' ਮੌਜੂਦ ਹਨ ਜਦੋਂ ਕਿ ਗ਼ਰੀਬ ਆਦਿਵਾਸੀ ਨੂੰ ਇਹ ਸਮਝਾਉਣ ਦੀ ਵੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਉਹ ਆਪਣੇ ਪੈਸੇ ਲੈਣ ਲਈ ਕਿਵੇਂ ਲੋੜੀਂਦੀ ਕਾਰਵਾਈ ਕਰੇ। ਜੇਕਰ ਉਸ ਆਦਿਵਾਸੀ ਨੂੰ ਸਹੀ ਰਾਹ 'ਤੇ ਪਾਇਆ ਹੁੰਦਾ ਤਾਂ ਉਹ ਮੁਰਦਾ ਭੈਣ ਦਾ ਪਿੰਜਰ ਕਬਰ ਵਿੱਚੋਂ ਕੱਢ ਕੇ ਨੰਗੇ ਪੈਰੀਂ ਪੈਦਲ ਚੁੱਕ ਕੇ ਬੈਂਕ ਲਿਆਉਣ ਲਈ ਮਜ਼ਬੂਰ ਨਾ ਹੁੰਦਾ।

ਪ੍ਰਸ਼ਾਸਨ ਵਲੋਂ ਕੀਤੀ ਪੜਤਾਲ ਤੋਂ ਪਤਾ ਲਗਦਾ ਹੈ ਕਿ ਉਹ ਇਸ ਦਿਨ 11 ਕੁ ਵਜੇ ਬੈਂਕ ਆਇਆ ਸੀ ਅਤੇ ਅੱਧਾ ਕੁ ਘੰਟਾ ਇੱਥੇ ਰਿਹਾ। ਇਸ ਦੌਰਾਨ ਅਲੱਗ ਅਲੱਗ ਬੈਂਕ ਅਧਿਕਾਰੀਆਂ ਨੂੰ ਮਿਲਣ ਦੇ ਬਾਵਜੂਦ ਉਸ ਦੇ ਕੁੱਝ ਪੱਲੇ ਨਹੀਂ ਪਿਆ ਤਾਂ ਉਸ ਨੇ ਅਤਿ ਦੀ ਪ੍ਰੇਸ਼ਾਨੀ ਵਿੱਚ ਅੱਕ ਕੇ ਭੈਣ ਦਾ ਪਿੰਜਰ ਲਿਆ ਕੇ ਦਿਖਾਉਣ ਜਿਹਾ ਘਿਨੌਣਾ ਕਦਮ ਚੁਕਿਆ। ਇਹ ਵੀ ਪਤਾ ਲਗਦਾ ਹੈ ਕਿ ਬੈਂਕ ਵਾਲੇ ਜੀਤੂ ਮੁੰਡਾ ਅਤੇ ਉਸ ਦੀ ਭੈਣ ਨੂੰ ਜਾਣਦੇ ਸਨ ਕਿਉਂਕਿ ਉਹ ਦੋਵੇਂ ਅਕਸਰ ਬੈਂਕ ਆਉਂਦੇ ਰਹਿੰਦੇ ਸਨ।

ਉਸ ਗ਼ਰੀਬ ਦੀ ਤ੍ਰਾਸਦੀ ਅਤੇ ਮਨੋਦਸ਼ਾ ਨੂੰ ਮਹਿਸੂਸ ਕਰ ਕੇ ਦੇਖੋ ਕਿ ਕਿਵੇਂ ਉਹ ਆਪਣੀ ਕੁੱਝ ਮਹੀਨੇ ਪਹਿਲਾਂ ਦਫ਼ਨਾਈ ਭੈਣ ਦੀ ਕਬਰ ਨੂੰ ਮੁੜ ਪੁੱਟ ਕੇ ਉਸ ਦਾ ਪਿੰਜਰ ਕੱਢ ਕੇ ਆਪਣੇ ਮੋਢੇ 'ਤੇ ਰੱਖ ਕੇ ਕਿਸ ਬੇਵਸੀ ਨਾਲ ਕਈ ਕਿਲੋਮੀਟਰ ਪੈਦਲ ਚੱਲ ਕੇ ਬੈਂਕ ਆਇਆ ਹੋਵੇਗਾ। ਬੰਦਾ ਤਾਂ ਕੱਪੜਿਆਂ ਤੋਂ ਹੀ ਪਛਾਣ ਲਿਆ ਜਾਂਦਾ ਹੈ ਤਾਂ ਇਸ ਗ਼ਰੀਬ ਦੇ ਪਸੀਨੇ ਨਾਲ ਭਿੱਜੇ ਅਧੂਰੇ ਕੱਪੜੇ, ਚਿਹਰੇ 'ਤੇ ਗਰੀਬੀ ਦੀ ਮਾਰ ਅਤੇ ਹੱਥਾਂ 'ਤੇ ਪਏ ਰੱਟਣਾਂ ਤੋਂ ਬੈਂਕ ਵਾਲਿਆਂ ਨੂੰ ਉਸ ਦੀ ਪਛਾਣ ਕਿਉਂ ਨਹੀਂ ਹੋਈ? ਲਗਦਾ ਤਾਂ ਇਹ ਹੈ ਕਿ ਉਹ ਉਸ ਨੂੰ ਪਛਾਨਣਾ ਹੀ ਨਹੀਂ ਸੀ ਚਾਹੁੰਦੇ। ਪ੍ਰਤੱਖ ਹੈ ਕਿ ਇਹ ਪ੍ਰਸ਼ਾਸਨਿਕ ਨਾਕਾਮੀ ਦਾ ਪ੍ਰਮਾਣ ਹੈ।

ਬੈਂਕ ਵਿੱਚੋਂ ਪੈਸੇ ਕਢਵਾਉਣ ਲਈ ਤਕਨੀਕੀ ਦਸਤਾਵੇਜ਼ ਮੰਗਣਾ ਕੋਈ ਗਲਤ ਨਹੀਂ ਪਰ ਮਨੁੱਖੀ ਸੰਵੇਦਨਾਂ ਤੋਂ ਬਿਨਾਂ ਇਹ ਨਿਯਮ ਸਹੂਲਤ ਦੀ ਥਾਂ ਰੁਕਾਵਟ ਬਣ ਜਾਂਦੇ ਹਨ। ਦਰਅਸਲ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਨਾਂ 'ਤੇ ਬਣਾਏ

ਬਾਕੀ ਸਫ਼ਾ 40 'ਤੇ.....



ਆਤਮ ਕਥਾ

# ਪੂਰਾ ਹੋਇਆ ਚੁਰਾਸੀ ਦਾ ਗੇੜ

ਡਾ. ਰਣਜੀਤ ਸਿੰਘ (ਤੰਬੜ)
ਲੁਧਿਆਣਾ

ਚੌਰਾਸੀ ਵਰ੍ਹਿਆਂ ਦਾ ਸਫ਼ਰ ਸੁੱਖ ਸਬੀਲੀ ਨਾਲ ਪੂਰਾ ਹੋ ਜਾਣਾ ਆਪਣੇ ਆਪ ਵਿੱਚ ਇੱਕ ਪ੍ਰਾਪਤੀ ਹੈ। ਮੈਨੂੰ ਇਹ ਪ੍ਰਾਪਤੀ ਪ੍ਰਮਾਤਮਾ ਦੀ ਮਿਹਰ ਅਤੇ ਤੁਹਾਡੀਆਂ ਸ਼ੁੱਭ ਇੱਛਾਵਾਂ ਸਦਕਾ ਹੀ ਮਿਲੀ ਹੈ। ਮੈਂ ਹੁਣ ਵੀ ਪਹਿਲਾਂ ਵਾਂਗ ਹੀ ਆਪਣਾ ਕੰਮ ਕਰਦਾ ਹਾਂ। ਅਹਿਸਾਸ ਹੀ ਨਹੀਂ ਹੁੰਦਾ ਕਿ ਬੁੱਢਾ ਹੋ ਗਿਆ ਹਾਂ। ਉਦੋਂ ਹੀ ਚੋਭ ਜਿਹੀ ਪੈਂਦੀ ਹੈ ਜਦੋਂ ਕੋਈ 'ਬਾਬਾ' ਆਖ ਦਿੰਦਾ ਹੈ, 'ਅੰਕਲ' ਤਾਂ ਠੀਕ ਹੀ ਲਗਦਾ ਹੈ। ਜੇਕਰ ਮੈਂ ਢੇਰੀ ਢਾਹ ਕੇ ਬੈਠ ਜਾਂਦਾ ਤਾਂ ਬੁਢਾਪੇ ਦਾ ਅਹਿਸਾਸ ਹੋਣ ਲਗ ਪੈਣਾ ਸੀ। ਹੁਣ ਵੀ ਜਦੋਂ ਕਿਸੇ ਦਿਨ ਕੰਮ ਲਈ ਜਾਣਾ ਹੋਵੇ ਤਾਂ ਬਹੁਤ ਹੀ ਚੁਸਤੀ ਮਹਿਸੂਸ ਕਰਦਾ ਹਾਂ ਪਰ ਘਰ ਵਿਹਲੇ ਬੈਠਿਆਂ ਦੁਪਹਿਰ ਤੱਕ ਅੱਖਾਂ ਮੀਟ ਹੋਣ ਲਗਦੀਆਂ ਹਨ। ਜਿੱਥੇ ਭਰਪੂਰ ਜ਼ਿੰਦਗੀ ਜਿਉਣ ਦੀ ਖ਼ੁਸ਼ੀ ਤੇ ਤਸੱਲੀ ਹੈ ਉੱਥੇ ਕਦੇ ਕਦੇ ਦੁਨੀਆਂ ਤੋਂ ਚਲੇ ਜਾਣ ਦਾ ਖਿਆਲ ਵੀ ਪਰੇਸ਼ਾਨ ਕਰ ਦਿੰਦਾ ਹੈ।

ਮੇਰੀ ਪੀੜ੍ਹੀ ਖੁਸ਼ਕਿਸਮਤ ਹੈ, ਜਿਸ ਨੇ ਉਹ ਜੀਵਨ ਵੀ ਵੇਖਿਆ ਹੈ ਜਿਸ ਨੂੰ ਲੋਕੀਂ ਸਦੀਆਂ ਤੋਂ ਜੀਅ ਰਹੇ ਸਨ ਅਤੇ ਹੁਣ ਬਿਲਕੁਲ ਬਦਲੀ ਹੋਈ ਜੀਵਨ ਸ਼ੈਲੀ ਦਾ ਆਨੰਦ ਵੀ ਮਾਣਿਆਂ ਹੈ। ਜਿਸ ਤੇਜ਼ੀ ਨਾਲ ਪੰਜਾਬ ਦੀ ਰਹਿਣੀ ਬਹਿਣੀ ਤੇ ਤੌਰ ਤਰੀਕੇ ਬਦਲੇ ਹਨ ਅਜਿਹਾ ਸੰਸਾਰ ਵਿੱਚ ਸ਼ਾਇਦ ਹੋਰ ਕਿੱਧਰੇ ਨਹੀਂ ਹੋਇਆ। ਅਸੀਂ ਭਾਵੇਂ ਅਜੇ ਛੋਟੇ ਸਾਂ ਪਰ 1947 ਵਿੱਚ ਜਦੋਂ ਦੇਸ਼ ਆਜ਼ਾਦ ਹੋਇਆ ਤੇ ਪੰਜਾਬ ਦੀ ਵੰਡ ਹੋਈ ਤਾਂ ਉਸ ਵੇਲੇ ਜੋ ਪੰਜਾਬ ਵਿੱਚ ਤੂਫ਼ਾਨ ਆਇਆ ਅਜਿਹਾ ਸੰਸਾਰ ਵਿੱਚ ਪਹਿਲਾਂ ਕਦੇ ਨਹੀਂ ਸੀ ਹੋਇਆ। ਲੱਖਾਂ ਲੋਕਾਂ ਨੂੰ ਆਪਣਾ ਘਰਬਾਰ ਤਿਆਗ ਕੇ ਖਾਲੀ ਹੱਥੀਂ ਉਧਰੋਂ ਇੱਧਰ ਤੇ ਇੱਧਰੋਂ ਉੱਧਰ ਜਾਣਾ ਪਿਆ। ਹਰ ਪਾਸੇ ਮਾਰ ਧਾੜ, ਲੁੱਟ-ਖਸੁੱਟ ਹੋ ਰਹੀ ਸੀ। ਪੁਲਿਸ ਜਾਂ ਕਾਨੂੰਨ ਦਾ ਕੋਈ ਡਰ ਨਹੀਂ ਸੀ। ਹਜ਼ਾਰਾਂ ਲੋਕ ਮਾਰੇ ਗਏ, ਔਰਤਾਂ ਦੀ ਇੱਜ਼ਤ ਲੁੱਟੀ ਗਈ, ਧਾੜਵੀਆਂ ਨੂੰ ਕਿਸੇ ਦਾ ਡਰ ਨਹੀਂ ਸੀ। ਜਦੋਂ ਨਵੀਂ ਸਰਕਾਰ ਦੇ ਪੈਰ ਲੱਗੇ ਤਾਂ ਕੁੱਝ ਟਿਕਟਿਕਾ ਹੋਇਆ। ਇਸ ਦਾ ਇੱਕ ਕਾਰਨ ਬਰਸਾਤ ਦਾ ਸ਼ੁਰੂ ਹੋ ਜਾਣਾ ਸੀ। ਇਹ ਮੰਨਿਆਂ ਜਾਂਦਾ ਹੈ ਕਿ ਅਜਿਹੀ ਜ਼ੋਰਦਾਰ ਬਰਸਾਤ ਪਹਿਲਾਂ ਕਦੇ ਨਹੀਂ ਸੀ ਹੋਈ। ਸ਼ਾਇਦ ਕੁਦਰਤ ਲਹੂ ਨਾਲ ਭਿੱਜੀ ਧਰਤੀ ਨੂੰ ਧੋਣਾ ਚਾਹੁੰਦੀ ਸੀ ਅਤੇ ਸੜ ਗਲ ਰਹੀਆਂ ਲਾਸ਼ਾਂ ਨੂੰ ਠਿਕਾਣੇ ਲਗਾਉਣਾ ਚਾਹੁੰਦੀ ਸੀ। ਉਦੋਂ ਬਹੁਤੇ ਘਰ ਕੱਚੇ ਹੁੰਦੇ ਸਨ। ਮਿੱਟੀ ਦੀਆਂ ਕੰਧਾਂ 'ਤੇ ਕਾਨਿਆਂ ਦੇ ਸਹਾਰੇ ਵਾਲੀਆਂ ਛੱਤਾਂ, ਬਹੁਤੇ ਲੋਕਾਂ ਦੇ ਘਰ ਵੀ ਢਹਿ ਗਏ। ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਸੀ। ਪਾਣੀ ਭਰੇ ਖੇਤਾਂ ਅਤੇ ਰਾਹਾਂ ਵਿੱਚ ਨੰਗੇ ਪੈਰੀਂ ਜਾ ਕੇ ਡੰਗਰਾਂ ਲਈ ਪੱਠਿਆਂ ਦਾ ਪ੍ਰਬੰਧ ਕਰਨਾ ਪੈ ਰਿਹਾ ਸੀ। ਉਂਝ ਵੀ ਉਦੋਂ ਜੁੱਤੀ ਕਿਸੇ ਭਾਗਾਂ ਵਾਲੇ ਨੂੰ ਹੀ ਨਸੀਬ ਹੁੰਦੀ ਸੀ। ਬਹੁਤ ਸਮਾਂ ਤਾਂ ਸਾਰੇ ਨੰਗੇ ਪੈਰੀਂ ਹੀ ਫਿਰਦੇ ਸਨ। ਪੈਰਾਂ ਵਿੱਚ ਕੰਡਿਆਂ ਦਾ ਚੁਭਣਾ ਆਮ ਹੀ ਸੀ।

ਉਦੋਂ ਸਵਾਰੀ, ਗੱਡਾ ਜਾਂ ਬੈਲ ਗੱਡੀ ਹੁੰਦੀ ਸੀ। ਸ਼ਹਿਰਾਂ ਵਿੱਚ ਘੋੜੇ ਵਾਲੇ ਟਾਂਗੇ ਚੱਲਦੇ ਸਨ। ਸਾਡੇ ਪਿੰਡ ਕੇਵਲ ਦੋ ਹੀ ਸਾਈਕਲ ਸਨ। ਇਕ ਸਾਡੇ ਪਾਸ, ਕਿਉਂਕਿ ਪਿਤਾ ਜੀ ਠੇਕੇਦਾਰੀ ਕਰਦੇ ਸਨ ਅਤੇ ਦੂਜਾ ਪਿੰਡੋਂ ਹਰ ਰੋਜ਼ ਤਹਿਸੀਲ ਵਿੱਚ ਜਾਣ ਵਾਲੇ ਅਰਜੀਨਵੀਸ ਕੋਲ। ਪੈਸੇ ਦੀ ਗਰੀਬੀ ਸੀ, ਪਰ ਲੋਕ ਦਿਲੋਂ ਅਮੀਰ ਸਨ। ਭਾਈਚਾਰੇ ਦੀ ਸਾਂਝ ਸੀ, ਦੁੱਖ-ਸੁੱਖ ਵਿੱਚ ਸਾਰੇ ਇਕੱਠੇ ਹੋ ਜਾਂਦੇ ਸਨ। ਪੈਸੇ ਤਾਂ ਹੁੰਦੇ ਹੀ ਨਹੀਂ ਸਨ। ਲੋਕਾਂ ਨੂੰ ਸਿਰਫ਼ ਸਟੇਟ ਬੈਂਕ ਦਾ ਨਾਮ ਪਤਾ ਸੀ ਜੋ ਸ਼ਹਿਰਾਂ ਵਿੱਚ ਹੁੰਦੇ ਸਨ। ਔਰਤਾਂ ਫੇਰੀ ਵਾਲੇ ਜਾਂ ਦੁਕਾਨਦਾਰ ਤੋਂ ਸਬਜ਼ੀ ਜਾਂ ਕੋਈ ਹੋਰ ਚੀਜ਼ ਲੈਣ ਲਈ ਦਾਣਿਆਂ ਦੀ ਲੱਪ ਹੀ ਪਾਉਂਦੀਆਂ ਸਨ। ਇੱਥੋਂ ਤੱਕ ਕਿ ਗੁਰਦੁਆਰੇ ਮੱਥਾ ਟੇਕਣ ਲਈ ਵੀ ਥਾਲੀ ਵਿੱਚ ਦਾਣੇ ਪਾ ਕੇ ਚੜ੍ਹਾਏ ਜਾਂਦੇ ਸਨ। ਮੰਗਤਿਆਂ ਨੂੰ ਵੀ ਦਾਣਿਆਂ ਦਾ ਬੁੱਕ ਹੀ ਦਿੱਤਾ ਜਾਂਦਾ। ਸਰੋਂ ਦਾ ਤੇਲ ਘਰ ਦੀ ਸਰੋਂ ਦਾ ਕਢਾਇਆ ਜਾਂਦਾ ਜਿਸ ਨੂੰ ਸਬਜ਼ੀ ਨੂੰ ਤੜਕਾ ਲਾਉਣ, ਦੀਵਾ ਬਾਲਣ ਅਤੇ ਵਾਲਾਂ ਨੂੰ ਲਾਉਣ ਲਈ ਵਰਤਿਆ ਜਾਂਦਾ ਸੀ। ਹਾਰ-ਸ਼ਿੰਗਾਰ ਦਾ ਕੋਈ ਸਾਮਾਨ ਨਹੀਂ ਸੀ ਹੁੰਦਾ। ਔਰਤਾਂ ਦੰਦਾਸੇ ਨਾਲ ਬੁਲ੍ਹਾਂ ਨੂੰ ਰੰਗਦੀਆਂ ਸਨ ਜੋ ਦਾਤਣ ਦਾ ਕੰਮ ਵੀ ਕਰਦਾ ਸੀ। ਅੱਖਾਂ ਵਿੱਚ ਪਾਉਣ ਵਾਲਾ ਕਜਲਾ ਵੀ ਸਰੋਂ ਦੇ ਦੀਵੇ ਦੀ ਲਾਟ ਉੱਤੇ ਕੋਈ ਲੋਹੇ ਦੀ ਚੀਜ਼ ਰੱਖ ਕੇ ਬਣਾਇਆ ਜਾਂਦਾ ਸੀ। ਕੱਪੜੇ ਸੋਢੇ ਨਾਲ ਧੋਏ ਜਾਂਦੇ ਅਤੇ ਨਹਾਉਣ ਲਈ ਕੋਈ ਸਾਬਣ ਨਹੀਂ ਸੀ ਹੁੰਦਾ। ਸਾਡੀ ਸੁਰਤ ਵਿੱਚ ਹੀ ਸਨਲਾਈਟ ਅਤੇ ਲਾਈਫਬਾਇ ਸਾਬਣ ਆਏ ਜਿਨ੍ਹਾਂ ਨੂੰ ਚੰਗੇ ਘਰਾਂ ਦੇ ਲੋਕ ਹੀ ਵਰਤਦੇ ਸਨ।

ਕਿਸਾਨਾਂ ਦੀ ਸਹਾਇਤਾ ਲਈ ਪਿੰਡ ਵਿੱਚ ਲਾਗੀ ਹੁੰਦੇ ਸਨ, ਜਿਵੇਂ ਲੁਹਾਰ, ਤਰਖਾਣ, ਨਾਈ, ਝਿਉਰ, ਘੁਮਿਆਰ ਤੇ ਚਮਾਰ ਆਦਿ। ਇਨ੍ਹਾਂ ਨੂੰ ਪੈਸੇ ਨਕਦ ਨਹੀਂ ਸੀ ਦਿੱਤੇ ਜਾਂਦੇ। ਹਾੜ੍ਹੀ-ਸਾਉਣੀ ਉਹ ਖੇਤਾਂ ਵਿੱਚ ਜਾ ਕੇ ਕਣਕ ਜਾਂ ਮੱਕੀ ਦੀਆਂ ਭਰੀਆਂ ਲੈ ਆਉਂਦੇ। ਇੰਝ ਸਾਰਾ ਸਾਲ ਲਈ ਦਾਣੇ ਇਕੱਠੇ ਹੋ ਜਾਂਦੇ ਸਨ। ਇਨ੍ਹਾਂ ਦੇ ਬੱਚਿਆਂ ਦੇ ਵਿਆਹ-ਸ਼ਾਦੀਆਂ ਕਿਸਾਨ ਹੀ ਰਲਮਿਲ ਕੇ ਕਰ ਦਿੰਦੇ ਸਨ। ਵਿਆਹ ਤੋਂ ਪਹਿਲਾਂ ਕੁੜਮਾਈ ਸਮੇਂ ਸ਼ਗਨ ਦੇ ਰੂਪ ਵਿੱਚ ਮੁੰਡੇ ਦੀ ਝੋਲੀ ਸੱਤ ਛੁਆਰੇ ਤੇ ਸਵਾ ਰੁਪਿਆ ਪਾਇਆ ਜਾਂਦਾ ਸੀ। ਸ਼ਰੀਕੇ ਵਾਲੇ ਜਿਹੜਾ ਸ਼ਗਨ ਪਾਉਂਦੇ ਸਨ, ਉਹ ਕਾਪੀ ਵਿੱਚ ਲਿਖ ਲਿਆ ਜਾਂਦਾ ਸੀ ਤੇ ਉਨ੍ਹਾਂ ਦੇ ਸ਼ਗਨ ਵੇਲੇ ਮੋੜਵਾਂ ਸ਼ਗਨ ਪਾ ਦਿੱਤਾ ਜਾਂਦਾ ਸੀ। ਇੰਝ ਸਾਰਾ ਸ਼ਰੀਕਾ ਅਤੇ ਰਿਸ਼ਤੇਦਾਰ ਇੱਕ ਦੂਜੇ ਦੀ ਮਾਇਕ ਸਹਾਇਤਾ ਕਰਦੇ ਸਨ। ਬਰਾਤ ਵਿੱਚ ਇੱਕ ਗੱਡਾ ਸਮਾਨ ਲਈ ਤੇ ਇੱਕ ਗੱਡੀ

ਮੁੰਡੇ-ਬਹੂ ਲਈ ਹੁੰਦੀ ਸੀ। ਪਿੰਡ ਦੇ ਲੋਕਾਂ ਨੇ ਕਾਰ ਤਾਂ ਦੂਰ, ਬੱਸ ਦਾ ਸਫ਼ਰ ਵੀ ਕਦੇ ਨਹੀਂ ਕੀਤਾ ਸੀ। ਸਾਡੇ ਪਿੰਡ ਕੋਈ ਪ੍ਰਾਇਮਰੀ ਸਕੂਲ ਨਾ ਹੋਣ ਕਰ ਕੇ ਪੜ੍ਹਨ ਲਈ ਲਾਗਲੇ ਪਿੰਡ ਜਾਣਾ ਪੈਂਦਾ ਸੀ ਜਿਸ ਕਾਰਨ ਸਾਡੇ ਪਿੰਡ ਦੀ ਕੋਈ ਵੀ ਕੁੜੀ ਸਕੂਲ ਨਹੀਂ ਸੀ ਜਾਂਦੀ। ਅਸੀਂ ਸਰਦੀਆਂ ਵਿੱਚ ਧੁੱਪੇ ਅਤੇ ਗਰਮੀਆਂ ਵਿੱਚ ਰੁੱਖਾਂ ਦੀ ਛਾਂ ਹੇਠ ਬੈਠ ਕੇ ਪੜ੍ਹਾਈ ਕੀਤੀ। ਬੇਸ਼ਕ ਸਹੂਲਤਾਂ ਦੀ ਘਾਟ ਸੀ, ਪਰ ਅਧਿਆਪਕ ਮਿਹਨਤੀ ਸਨ ਤੇ ਲੋਕ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਪੰਜਵੀਂ ਲਈ ਦਸ ਮੀਲ ਦੂਰ ਹਾਈ ਸਕੂਲ ਵਿੱਚ ਜਾਣਾ ਪਿਆ ਜਿੱਥੇ ਆਲੇ ਦੁਆਲੇ ਦੇ ਦਸ ਪਿਡਾਂ ਦੇ ਬੱਚੇ ਪੜ੍ਹਦੇ ਸਨ। ਇੱਥੇ ਪਹਿਲੀ ਵਾਰ ਬੈਠਨ ਲਈ ਡੈਸਕ ਮਿਲਿਆ।

ਜਦੋਂ 1952 ਵਿੱਚ ਅਸੈਂਬਲੀ ਤੇ ਲੋਕ ਸਭਾ ਦੀਆਂ ਵੋਟਾਂ ਪਈਆਂ ਤਾਂ ਅਸੀਂ ਪਹਿਲੀ ਵਾਰ ਚੋਣ ਪ੍ਰਚਾਰ ਕਰਨ ਲਈ ਆਉਣ ਵਾਲਿਆਂ ਕੋਲ ਜੀਪ ਦੇਖੀ। ਉਦੋਂ ਹੀ ਪਿੰਡਾਂ ਦਾ ਵਿਕਾਸ ਸ਼ੁਰੂ ਹੋਇਆ। ਮੁਰੱਬੇਬੰਦੀ ਨਾਲ ਕਿਸਾਨਾਂ ਦੀ ਜ਼ਮੀਨ ਦੇ ਟੁਕੜਿਆਂ ਨੂੰ ਇੱਕ ਥਾਂ ਕੀਤਾ ਗਿਆ। ਸਿੱਧੀਆਂ ਸੜਕਾਂ ਬਣੀਆਂ, ਸਕੂਲਾਂ ਤੇ ਹੋਰ ਸਾਂਝੇ ਕੰਮਾਂ ਲਈ ਸ਼ਾਮਲਾਟਾਂ ਛੱਡੀਆਂ। ਕਿਸਾਨਾਂ ਨੂੰ ਖੂਹ ਲਗਵਾਉਣ ਲਈ ਕਰਜ਼ੇ ਦਿੱਤੇ ਗਏ। ਪਿੰਡਾਂ ਦੀਆਂ ਗਲ਼ੀਆਂ ਪੱਕੀਆਂ ਕਰਨ ਦਾ ਕੰਮ ਸ਼ੁਰੂ ਹੋਇਆ। ਲੋਕਾਂ ਨੇ ਸੜਕਾਂ ਵਿੱਚ ਮਿੱਟੀ ਪਾਉਣ ਲਈ ਉਤਸ਼ਾਹ ਦਿਖਾਇਆ। ਸਿੰਜਾਈ ਸਹੂਲਤਾਂ ਵਿੱਚ ਵਾਧਾ ਹੋਇਆ। ਪਿੰਡਾਂ ਵਿੱਚ ਸਕੂਲ ਖੁਲ੍ਹਣ ਲੱਗੇ। ਸਾਡੇ ਪਿੰਡ ਵਿੱਚ ਲੜਕੀਆਂ ਲਈ ਪ੍ਰਾਇਮਰੀ ਸਕੂਲ ਖੁਲ੍ਹਿਆ।

ਫਿਰ ਪਿੰਡਾਂ ਵਿੱਚ ਬਿਜਲੀ ਆਉਣ ਅਤੇ ਸੜਕਾਂ ਪੱਕੀਆਂ ਹੋ ਜਾਣ ਕਰਕੇ ਨਵੇਂ ਇਨਕਲਾਬ ਦਾ ਆਰੰਭ ਹੋਇਆ। ਕਿਸਾਨਾਂ ਨੇ ਖੂਹਾਂ 'ਤੇ ਟਿਊਬਵੈਲ ਲਗਵਾਏ, ਸਰਕਾਰ ਨੇ ਕਰਜ਼ੇ ਦਿੱਤੇ। ਕਣਕ ਅਤੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਫਸਲਾਂ ਨਾਲ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਇਆ। ਘਰ ਪੱਕੇ ਬਣਨ ਲੱਗੇ, ਕਈ ਘਰਾਂ ਵਿੱਚ ਰੇਡੀਓ ਤੇ ਬਿਜਲੀ ਦੇ ਪੱਖੇ ਚੱਲਣ ਲੱਗੇ। ਹਰ ਘਰ ਵਿੱਚ ਸਾਈਕਲ ਆ ਗਿਆ। ਕੁੱਝ ਵੱਡੇ ਕਿਸਾਨਾਂ ਨੇ ਟ੍ਰੈਕਟਰ ਤੇ ਗਹਾਈ ਵਾਲੇ ਥਰੈਸ਼ਰ ਖਰੀਦ ਲਏ। ਦੋ ਦਹਾਕਿਆਂ ਵਿੱਚ ਹੀ ਪੰਜਾਬ ਦੀ ਖੇਤੀ ਮਸ਼ੀਨਰੀ-ਪ੍ਰਧਾਨ ਹੋ ਗਈ। ਘਰਾਂ ਦਾ ਰਹਿਣ-ਸਹਿਣ ਬਦਲ ਗਿਆ। ਸੱਠਵਿਆਂ ਵਿੱਚ ਇੰਗਲੈਂਡ ਨੇ ਆਪਣੇ ਦਰਵਾਜ਼ੇ ਮਜ਼ਦੂਰਾਂ ਲਈ ਖੋਲ੍ਹ ਦਿੱਤੇ ਤੇ ਪੰਜਾਬੀਆਂ ਦਾ ਰੁਝਾਨ ਵਿਦੇਸ਼ ਜਾਣ ਵੱਲ ਹੋ ਗਿਆ। ਸਮੁੰਦਰੀ ਜਹਾਜ਼ ਦਾ ਕਿਰਾਇਆ ਕੇਵਲ 800 ਰੁਪਏ ਸੀ। ਪਿੰਡਾਂ ਦੇ ਲੋਕ ਇੰਗਲੈਂਡ ਪੁੱਜ ਗਏ। ਉਨ੍ਹਾਂ ਨੇ ਮਿਹਨਤ ਕਰ ਕੇ ਜਦੋਂ ਪੈਸਾ ਆਪਣੇ ਘਰ ਭੇਜਿਆ ਤਾਂ ਬਾਕੀ ਪੰਜਾਬੀਆਂ ਦੇ ਮਨਾਂ ਵਿੱਚ ਵੀ ਇੰਗਲੈਂਡ ਜਾਣ ਦੀ ਲ਼ਾਲਸਾ ਵਧੀ। ਇਸ ਕਮਾਈ ਨਾਲ ਵਧੀਆ ਮਕਾਨ ਬਣੇ, ਜ਼ਮੀਨਾਂ ਖਰੀਦੀਆਂ ਅਤੇ ਜੀਵਨ-ਪੱਧਰ ਉੱਚਾ ਹੋਇਆ। ਵੀਹਵੀਂ ਸਦੀ ਦੇ ਅੰਤ ਤੱਕ ਪੰਜਾਬ ਦੇ ਪਿੰਡਾਂ ਦੀ ਤਸਵੀਰ ਬਿਲਕੁਲ ਬਦਲ ਗਈ।

ਹੁਣ ਪੰਜਾਬ ਦੇ ਬਹੁਤੇ ਪਿੰਡਾਂ ਦੇ ਘਰਾਂ ਨੂੰ ਜੰਦਰੇ ਲਗ ਗਏ ਹਨ। ਜਿਹੜਾ ਪਰਿਵਾਰ ਪਿੱਛੇ ਰਹਿ ਵੀ ਗਿਆ ਹੈ ਉਸ ਨੇ ਵੀ ਪਿੰਡੋਂ ਬਾਹਰ ਕੋਠੀ ਪਾ ਲਈ ਹੈ ਕਿਉਂਕਿ ਪਿੰਡ ਦੀਆਂ ਤੰਗ ਗਲ਼ੀਆਂ ਵਿੱਚੋਂ ਕਾਰਾਂ ਨਹੀਂ ਲੰਘਦੀਆਂ। ਭਾਈਚਾਰੇ ਦੀ ਸਾਂਝ ਟੁੱਟ ਰਹੀ ਹੈ, ਵਿਖਾਵਾ ਵਧ ਗਿਆ ਹੈ। ਸ਼ਰੀਕੇ 'ਤੇ ਨਿਰਭਰਤਾ ਘੱਟ ਹੋਣ ਨਾਲ ਰਿਸ਼ਤੇਦਾਰੀਆਂ ਵੀ ਰਸਮੀ ਹੀ ਰਹਿ ਗਈਆਂ ਹਨ। ਸਵੇਰੇ ਘਰ ਦੀ ਲ਼ੱਸੀ ਪੀਣ ਦੀ ਥਾਂ ਚਾਹ ਨੇ ਲੈ ਲਈ ਹੈ। ਰਾਤ ਨੂੰ ਦੁੱਧ ਪੀਣ ਦੀ ਬਿਜਾਏ ਦਾਰੂ ਭਾਰੂ ਹੋ ਗਿਆ ਹੈ। ਕਿਰਤ ਲਈ ਪ੍ਰਸਿੱਧ ਪੰਜਾਬੀ ਇਸ ਤੋਂ ਦੂਰ ਹੋ ਰਹੇ ਹਨ। ਘਰ ਅਤੇ ਖੇਤਾਂ ਦੇ ਕੰਮ ਹੱਥੀਂ ਕਰਨ ਦੀ ਥਾਂ ਕਾਮਿਆਂ ਤੋਂ ਕਰਵਾਏ ਜਾਂਦੇ ਹਨ। ਪੰਜਾਬ ਜਿਹੜਾ ਆਜ਼ਾਦੀ ਪਿੱਛੋਂ ਇੱਕ ਦਹਾਕੇ ਵਿੱਚ ਹੀ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਬਣ ਗਿਆ ਸੀ, ਹੁਣ 18ਵੇਂ ਨੰਬਰ 'ਤੇ ਆ ਗਿਆ ਹੈ। ਸਾਡੇ ਆਗੂ ਗੈਰਜ਼ਿੰਮੇਵਾਰ ਹਨ। ਉਹ ਚੋਣਾਂ ਲਈ ਖੁਲ੍ਹਾ ਪੈਸਾ ਵਰਤਦੇ ਹਨ ਅਤੇ ਵੋਟਰਾਂ ਨੂੰ ਰਿਉੜੀਆਂ ਵੰਡਦੇ ਹਨ। ਸਰਕਾਰ ਕੋਲ ਵਿਕਾਸ ਕਾਰਜਾਂ ਲਈ ਪੈਸਾ ਨਹੀਂ। ਸਰਕਾਰੀ ਸੰਸਥਾਵਾਂ ਦੇ ਕੰਮ ਵਿੱਚ ਨਿਘਾਰ ਆ ਗਿਆ ਹੈ। ਰਿਸ਼ਵਤਖੋਰੀ, ਮਿਲਾਵਟ ਤੇ ਹੇਰਾਫੇਰੀ ਦਾ ਬੋਲਬਾਲਾ ਹੈ। ਪੰਜਾਬੀ, ਜਿਹੜਾ ਆਪਣੀ ਮਿਹਨਤ ਤੇ ਇਮਾਨਦਾਰੀ ਲਈ ਪ੍ਰਸਿੱਧ ਸੀ, ਉਹ ਉਲਟੇ ਪਾਸੇ ਜਾ ਰਿਹਾ ਹੈ। ਅਸੀਂ ਆਪਣੀ ਧਰਤੀ, ਪਾਣੀ ਅਤੇ ਹਵਾ ਨੂੰ ਪ੍ਰਦੂਸ਼ਿਤ ਕਰ ਲਿਆ ਹੈ। ਇਸ ਦਾ ਸਾਰਾ ਦੋਸ਼ ਸਾਜਿਸ਼ਅਧੀਨ ਸਿਰਫ਼ ਕਿਸਾਨ ਦੇ ਸਿਰ ਮੜ੍ਹਿਆ ਜਾ ਰਿਹਾ ਹੈ।

ਮੇਰੀ ਪੀੜ੍ਹੀ ਖੁਸ਼ਕਿਸਮਤ ਹੈ ਜਿਸ ਨੇ ਵਿਕਾਸ ਦੀ ਤੇਜ਼ੀ ਦਾ ਆਨੰਦ ਮਾਣਿਆਂ ਹੈ। ਵਿਗਿਆਨਕ ਕਾਢਾਂ ਨਾਲ ਆਰਾਮ ਦਾ ਜੀਵਨ ਬਸਰ ਕੀਤਾ ਹੈ। ਪਰ ਕੁੱਝ ਫਿਕਰ ਵੀ ਹੋ ਰਿਹਾ ਹੈ ਕਿ ਪੰਜਾਬ ਵਰਗਾ ਖਿੱਤਾ ਦਿਸ਼ਾਹੀਣ ਹੋ ਰਿਹਾ ਹੈ। ਡਰ ਲਗਦਾ ਹੈ ਕਿ ਕਿਤੇ ਇਹ ਪੰਜਾਬੀਆਂ ਹੱਥੋਂ ਖਿਸਕ ਕੇ ਹੌਲੀ ਹੌਲੀ ਦੂਜੇ ਸੂਬਿਆਂ ਤੋਂ ਆਏ ਕਾਮਿਆਂ ਦੇ ਕਬਜ਼ੇ ਵਿੱਚ ਨਾ ਚਲਾ ਜਾਵੇ। ਪੰਜਾਬ ਅਤੇ ਪੰਜਾਬੀਆਂ ਦੇ ਵਿਕਾਸ ਵੱਲ ਧਿਆਨ ਦੇਣ ਦੀ ਜ਼ਿੰਮੇਵਾਰੀ ਸਰਕਾਰਾਂ ਅਤੇ ਧਾਰਮਿਕ ਆਗੂਆਂ ਦੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੇ ਨਿਜੀ ਹਿਤਾਂ ਨੂੰ ਤਿਆਗ ਕੇ ਪੰਜਾਬ ਅਤੇ ਪੰਜਾਬੀ ਵਿਰਸੇ ਦੀ ਸਾਂਭ-ਸੰਭਾਲ ਵੱਲ ਧਿਆਨ ਦੇਣ ਤਾਂ ਜੋ ਸੂਬੇ ਨੂੰ ਸਹੀ ਅਰਥਾਂ ਵਿੱਚ 'ਰੰਗਲਾ ਪੰਜਾਬ' ਬਣਾਇਆ ਜਾ ਸਕੇ।

❋ ❋ ❋ ❋ ❋

## ਮਨ

ਜਦੋਂ ਮਨ ਕਮਜ਼ੋਰ ਹੁੰਦਾ ਹੈ,
ਤਾਂ ਹਾਲਾਤ ਸਮੱਸਿਆ ਬਣ ਜਾਂਦੇ ਹਨ।
ਜਦੋਂ ਮਨ ਸਥਿਰ ਹੁੰਦਾ ਹੈ,
ਤਾਂ ਹਾਲਾਤ ਵੰਗਾਰ ਬਣ ਜਾਂਦੇ ਹਨ।
ਜਦੋਂ ਮਨ ਮਜ਼ਬੂਤ ਹੁੰਦਾ ਹੈ,
ਤਾਂ ਹਾਲਾਤ ਮੌਕਾ ਬਣ ਜਾਂਦੇ ਹਨ।

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ (ਅਪ੍ਰੈਲ-ਜੂਨ 2026)- ਤਸਵੀਰਾਂ ਦੀ ਜ਼ੁਬਾਨੀ



ਸਾਲਾਨਾ ਸੈਣੀ ਸੰਮੇਲਨ ਸਮੇਂ ਸ਼੍ਰੀ ਤਰਸੇਮ ਸੈਣੀ ਪ੍ਰਧਾਨ ਆਲ ਇੰਡੀਆ ਰਾਈਸ ਸ਼ੈਲਰਸ ਐਸੋਸੀਏਸ਼ਨ, ਸ. ਤੇਜਦੀਪ ਸਿੰਘ ਸੈਣੀ ਪੀ.ਸੀ.ਐੱਸ., ਸੈਣੀ ਭਵਨ ਦੇ ਪ੍ਰਬੰਧਕ ਅਤੇ ਹੋਰ ਪਤਵੰਤੇ ਸੱਜਣ ਮੈਗਜ਼ੀਨ 'ਸੈਣੀ ਸੰਸਾਰ' ਦਾ 60ਵਾਂ ਅੰਕ ਜਾਰੀ ਕਰਦੇ ਹੋਏ।



ਸੈਣੀ ਭਵਨ ਦੇ ਚੇਅਰਮੈਨ ਡਾ. ਅਜਮੇਰ ਸਿੰਘ ਅਤੇ ਉੱਪ ਪ੍ਰਧਾਨ ਡਾ. ਜਸਵੰਤ ਕੌਰ ਦੇ ਵਿਆਹ ਦੀ 50ਵੀਂ ਵਰ੍ਹੇਗੰਢ ਮੌਕੇ ਮੁੱਖ ਮਹਿਮਾਨ ਸ਼੍ਰੀ ਤਰਸੇਮ ਸੈਣੀ, ਵਿਸ਼ੇਸ਼ ਮਹਿਮਾਨ ਸ਼੍ਰੀ ਰਾਮ ਕੁਮਾਰ ਮੁਕਾਰੀ ਉਨ੍ਹਾਂ ਨੂੰ ਸਨਮਾਨਿਤ ਕਰਦੇ ਹੋਏ।




ਮੁੱਖ ਮਹਿਮਾਨ ਅਤੇ ਸੈਣੀ ਭਵਨ ਦੇ ਪ੍ਰਬੰਧਕ ਮਹਾਂਦਾਨੀ ਸ. ਭਗਵਾਨ ਸਿੰਘ ਪੰਚਕੂਲਾ ਨੂੰ ਸਨਮਾਨਿਤ ਕਰਦੇ ਹੋਏ।




ਸੈਣੀ ਭਵਨ ਦੇ ਪ੍ਰਬੰਧਕ, ਭਾਰਤੀ ਹਵਾਈ ਸੈਨਾ ਵਿੱਚ ਪਾਇਲਟ ਵਜੋਂ ਚੁਣੇ ਗਏ ਸ਼੍ਰੀ ਕਰਨ ਸੈਣੀ ਅਤੇ ਸ. ਉਦੈਵੀਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ

SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

ਮਾਂ ਬੋਲੀ ਪੰਜਾਬੀ ਜੇ ਭੁੱਲ ਜਾਓਗੇ, ਤਾਂ ਕੱਖਾਂ ਵਾਂਗੂ ਰੁਲ ਜਾਓਗੇ।

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001